18-APRIL-PAGE-1.qxd 4/17/2024 10:30 PM Page 1

ਵੀਰਵਾਰ, 18 ਅਪ੍ਰੈਲ, 2024
6 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 318

ਨਵਾਂ ਜ਼ਮਾਨਾ

DAILY NAWAN ZAMANA • THURSDAY, 18 APRIL, 2024
ਜਲੰਧਰ
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਪਹਿਲੇ ਗੇੜ ਦਾ ਰੌਲਾ-ਗੌਲਾ ਖਤਮ, ਪੋਲਿੰਗ ਭਲਕੇ

ਨਵੀਂ ਦਿੱਲੀ : ਲੋਕ ਸਭਾ ਚੋਣਾਂ ਲਈ ਸ਼ੁੱਕਰਵਾਰ ਹੋਣ ਵਾਲੀ ਪਹਿਲੇ ਗੇੜ ਦੀ ਪੋਲਿੰਗ ਲਈ ਚੋਣ ਪ੍ਰਚਾਰ ਦਾ ਰੌਲਾ-ਗੌਲਾ ਬੁੱਧਵਾਰ ਸ਼ਾਮ ਬੰਦ ਹੋ ਗਿਆ। ਪਹਿਲੇ ਗੇੜ ਵਿਚ 21 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ 102 ਸੀਟਾਂ ਲਈ ਪੋਲਿੰਗ ਹੋਵੇਗੀ। ਅਰੁਣਾਚਲ ਤੇ ਸਿੱਕਮ ਅਸੰਬਲੀ ਲਈ ਵੀ 19 ਅਪ੍ਰੈਲ ਨੂੰ ਵੋਟਾਂ ਪੈਣਗੀਆਂ। ਤਾਮਿਲਨਾਡੂ ਦੀਆਂ ਸਾਰੀਆਂ 39 ਸੀਟਾਂ 'ਤੇ ਪਹਿਲੇ ਗੇੜ ਵਿਚ ਹੀ ਵੋਟਿੰਗ ਹੋ ਜਾਣੀ ਹੈ। ਇਸੇ ਤਰ੍ਹਾਂ ਅਰੁਣਾਚਲ ਤੇ ਮੇਘਾਲਿਆ 'ਚ ਵੀ ਦੋ-ਦੋ ਸੀਟਾਂ ਦਾ ਕੰਮ ਨਿਬੜ ਜਾਣਾ ਹੈ। ਆਸਾਮ ਵਿਚ 5, ਬਿਹਾਰ 'ਚ 4, ਛੱਤੀਸਗੜ੍ਹ 'ਚ ਇੱਕ (ਬਸਤਰ), ਮੱਧ ਪ੍ਰਦੇਸ਼ 'ਚ 6, ਮਹਾਰਾਸ਼ਟਰ ਵਿਚ 5, ਮਨੀਪੁਰ ਵਿਚ 2, ਮਿਜ਼ੋਰਮ, ਨਾਗਾਲੈਂਡ, ਪੁਡੂਚੇਰੀ, ਸਿੱਕਮ, ਅੰਡੇਮਾਨ-ਨਿਕੋਬਾਰ ਤੇ ਲਕਸ਼ਦੀਪ 'ਚ ਇੱਕ-ਇੱਕ, ਰਾਜਸਥਾਨ 'ਚ 12, ਯੂ ਪੀ 'ਚ 8, ਪੱਛਮੀ ਬੰਗਾਲ 'ਚ 3, ਤ੍ਰਿਪੁਰਾ ਵਿਚ ਇੱਕ ਸੀਟ ਲਈ ਪੋਲਿੰਗ ਹੋਵੇਗੀ। ਊਧਮਪੁਰ ਹਲਕੇ ਵਿਚ ਵੀ ਸ਼ੁੱਕਰਵਾਰ ਨੂੰ ਪੋਲਿੰਗ ਹੋ ਰਹੀ ਹੈ। ਇਸ ਪੋਲਿੰਗ ਵਿਚ ਜਿਨ੍ਹਾਂ ਦੀ ਕਿਸਮਤ ਦਾ ਫੈਸਲਾ ਹੋਣਾ ਹੈ, ਉਨ੍ਹਾਂ ਵਿਚ ਕੇਂਦਰੀ ਮੰਤਰੀ ਨਿਤਿਨ ਗਡਕਰੀ (ਨਾਗਪੁਰ), ਜਿਤਿਨ ਪ੍ਰਸਾਦ (ਪੀਲੀਭੀਤ), ਇਮਰਾਨ ਮਸੂਦ (ਸਹਾਰਨਪੁਰ), ਕਮਲ ਨਾਥ ਦਾ ਬੇਟਾ ਨਕੁਲ ਨਾਥ (ਛਿੰਦਵਾੜਾ) ਤੇ ਕੇਂਦਰੀ ਮੰਤਰੀ ਡਾ. ਜਤਿੰਦਰ ਸਿੰਘ (ਊਧਮਪੁਰ) ਸ਼ਾਮਲ ਹਨ।

ਪ੍ਰਿਅੰਕਾ ਦੇ ਰੋਡ ਸ਼ੋਅ 'ਚ ਰਾਜਪੂਤਾਂ ਦੀ ਵੱਡੀ ਸ਼ਮੂਲੀਅਤ

ਸਹਾਰਨਪੁਰ : ਪ੍ਰਿਅੰਕਾ ਗਾਂਧੀ ਦੀ ਮੌਜੂਦਗੀ ਵਿਚ ਬੁੱਧਵਾਰ ਸਹਾਰਨਪੁਰ ਵਿਚ ਕਾਂਗਰਸ ਉਮੀਦਵਾਰ ਇਮਰਾਨ ਮਸੂਦ ਦੇ ਹੱਕ ਵਿਚ ਨਿਕਲੇ ਰੋਡ ਸ਼ੋਅ ਵਿਚ ਭਾਜਪਾ ਦੇ ਹਮਾਇਤੀ ਸਮਝੇ ਜਾਣ ਵਾਲੇ ਰਾਜਪੂਤ ਕੇਸਰੀ ਪੱਗਾਂ ਬੰਨ੍ਹ ਕੇ ਕਾਫੀ ਗਿਣਤੀ ਵਿਚ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਰਾਜਪੂਤ ਐਤਕੀਂ ਸਪਾ-ਕਾਂਗਰਸ ਦੇ ਗਠਜੋੜ ਦੇ ਹੱਕ ਵਿਚ ਭੁਗਤਣਗੇ। ਪ੍ਰਿਅੰਕਾ ਗਾਂਧੀ ਨੇ ਇੱਥੇ ਚੋਣ ਪ੍ਰਚਾਰ ਦੌਰਾਨ ਕਿਹਾ ਕਿ ਜੇ ਈ ਵੀ ਐੱਮ ਨਾਲ ਛੇੜਛਾੜ ਨਹੀਂ ਹੁੰਦੀ ਤਾਂ ਭਾਜਪਾ 180 ਤੋਂ ਵੱਧ ਸੀਟਾਂ ਹਾਸਲ ਨਹੀਂ ਕਰੇਗੀ। ਉਨ੍ਹਾ ਭਾਜਪਾ ਦੇ 400 ਤੋਂ ਵੱਧ ਸੀਟਾਂ ਹਾਸਲ ਕਰਨ ਦੇ ਦਾਅਵੇ ਦੇ ਆਧਾਰ 'ਤੇ ਸਵਾਲ ਕਰਦਿਆਂ ਕਿਹਾ— ਉਹ ਕਿਸ ਆਧਾਰ 'ਤੇ ਕਹਿ ਰਹੇ ਹਨ ਕਿ ਉਨ੍ਹਾਂ ਨੂੰ 400 ਸੀਟਾਂ ਤੋਂ ਵੱਧ ਮਿਲਣਗੀਆਂ। ਕੀ ਉਹ ਜੋਤਿਸ਼ੀ ਹਨ ? ਜਾਂ ਤਾਂ ਉਨ੍ਹਾਂ ਪਹਿਲਾਂ ਤੋਂ ਕੁਝ ਕੀਤਾ ਹੈ ਅਤੇ ਉਨ੍ਹਾਂ ਨੂੰ ਪਤਾ ਹੈ ਕਿ ਉਹ 400 ਤੋਂ ਵੱਧ ਸੀਟਾਂ ਪ੍ਰਾਪਤ ਕਰਨਗੇ, ਨਹੀਂ ਤਾਂ ਉਹ ਕਿਵੇਂ ਕਹਿ ਸਕਦੇ ਹਨ ਕਿ ਉਨ੍ਹਾਂ ਨੂੰ 400 ਸੀਟਾਂ ਮਿਲਣਗੀਆਂ। ਜੇ ਈ ਵੀ ਐੱਮ ਨਾਲ ਛੇੜਛਾੜ ਨਾ ਹੋਵੇ ਤਾਂ ਮੈਂ ਪੂਰੇ ਵਿਸ਼ਵਾਸ ਨਾਲ ਕਹਿ ਸਕਦੀ ਹਾਂ ਕਿ ਉਨ੍ਹਾਂ ਨੂੰ 180 ਤੋਂ ਵੱਧ ਸੀਟਾਂ ਨਹੀਂ ਮਿਲਣਗੀਆਂ।

ਭਾਜਪਾ 150 ਸੀਟਾਂ ਤੋਂ ਨਹੀਂ ਟੱਪਣੀ : ਰਾਹੁਲ

ਗਾਜ਼ੀਆਬਾਦ : ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਬੁੱਧਵਾਰ ਦੋਸ਼ ਲਾਇਆ ਕਿ ਚੋਣ ਬਾਂਡ ਯੋਜਨਾ ਦੁਨੀਆ ਦੀ ਸਭ ਤੋਂ ਵੱਡੀ ਵਸੂਲੀ ਸਕੀਮ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭ੍ਰਿਸ਼ਟਾਚਾਰ ਦੇ ਚੈਂਪੀਅਨ ਹਨ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨਾਲ ਸਾਂਝੀ ਪ੍ਰੈੱਸ ਕਾਨਫਰੰਸ 'ਚ ਉਨ੍ਹਾ ਨੇ ਇਹ ਵੀ ਦਾਅਵਾ ਕੀਤਾ ਕਿ ਭਾਜਪਾ ਨੂੰ ਇਸ ਚੋਣ 'ਚ 150 ਤੋਂ ਵੱਧ ਸੀਟਾਂ ਨਹੀਂ ਮਿਲ ਰਹੀਆਂ। ਯਾਦਵ ਨੇ ਕਿਹਾ ਕਿ ਚੋਣਾਂ 'ਚ ਗਾਜ਼ੀਆਬਾਦ ਤੋਂ ਗਾਜ਼ੀਪੁਰ ਤੱਕ ਭਾਜਪਾ ਦਾ ਸਫਾਇਆ ਹੋ ਜਾਵੇਗਾ।

ਰਾਹੁਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਕਹਿ ਰਹੇ ਹਨ ਕਿ ਚੋਣ ਬਾਂਡ ਸਕੀਮ ਚੋਣ ਫੰਡਿੰਗ ਵਿਚ ਪਾਰਦਰਸ਼ਤਾ ਲਿਆਉਣ ਲਈ ਲਿਆਂਦੀ ਗਈ ਸੀ, ਪਰ ਫਿਰ ਸੁਪਰੀਮ ਕੋਰਟ ਨੇ ਰੱਦ ਕਿਉਂ ਕਰ ਦਿੱਤੀ। ਪ੍ਰਧਾਨ ਮੰਤਰੀ ਜਿੰਨੀਆਂ ਮਰਜ਼ੀ ਸਫਾਈਆਂ ਦੇਣ, ਸਾਰੇ ਦੇਸ਼ ਵਾਸੀ ਜਾਣਦੇ ਹਨ ਕਿ ਪ੍ਰਧਾਨ ਮੰਤਰੀ ਭ੍ਰਿਸ਼ਟਾਚਾਰ ਦੇ ਚੈਂਪੀਅਨ ਹਨ। ਪ੍ਰਧਾਨ ਮੰਤਰੀ ਵੱਲੋਂ ਉਨ੍ਹਾ (ਰਾਹੁਲ) ਦੇ ਗਰੀਬੀ ਇੱਕੋ ਝਟਕੇ ਨਾਲ ਖਤਮ ਕਰਨ ਦੇ ਬਿਆਨ ਦੀ ਨੁਕਤਾਚੀਨੀ ਕਰਨ ਬਾਰੇ ਰਾਹੁਲ ਨੇ ਕਿਹਾ ਕਿ ਕਿਸੇ ਨੇ ਨਹੀਂ ਕਿਹਾ ਕਿ ਗਰੀਬੀ ਇੱਕੋ ਝਟਕੇ ਵਿਚ ਖਤਮ ਹੋ ਜਾਵੇਗੀ, ਪਰ ਅਸੀਂ ਇਸ ਨੂੰ ਖਤਮ ਕਰਨ ਲਈ ਜ਼ੋਰ ਲਾ ਸਕਦੇ ਹਾਂ। ਅਮੇਠੀ ਤੋਂ ਚੋਣ ਲੜਨ ਬਾਰੇ ਰਾਹੁਲ ਨੇ ਕਿਹਾ ਕਿ ਉਹ ਪਾਰਟੀ ਦਾ ਫੈਸਲਾ ਮੰਨਣਗੇ।

ਸਮਾਜਵਾਦੀ ਪਾਰਟੀ ਤੇ ਕਾਂਗਰਸ ਯੂ ਪੀ ਦੀਆਂ 80 ਸੀਟਾਂ ਮਿਲ ਕੇ ਲੜ ਰਹੀਆਂ ਹਨ। ਸਮਾਜਵਾਦੀ ਪਾਰਟੀ 63 ਤੇ ਕਾਂਗਰਸ 17 ਸੀਟਾਂ ਲੜ ਰਹੀ ਹੈ।

ਸੀ ਪੀ ਆਈ ਵੱਲੋਂ ਪੰਜਾਬ 'ਚ ਤਿੰਨ ਲੋਕ ਸਭਾ ਸੀਟਾਂ ਲੜਨ ਦਾ ਐਲਾਨ

ਲੁਧਿਆਣਾ, (ਐੱਮ ਐੱਸ ਭਾਟੀਆ)-ਬੁੱਧਵਾਰ ਇੱਥੇ ਭਾਰਤੀ ਕਮਿਊਨਿਸਟ ਪਾਰਟੀ ਦੀ ਸੂਬਾ ਐਗਜ਼ੈਕਟਿਵ ਦੀ ਮੀਟਿੰਗ ਡੀ ਪੀ ਮੌੜ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿੱਚ ਪਾਰਲੀਮੈਂਟ ਦੀਆਂ ਆਉਂਦੀਆਂ ਚੋਣਾਂ ਬਾਰੇ ਵੇਰਵੇ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਬੰਤ ਸਿੰਘ ਬਰਾੜ ਸੂਬਾ ਸਕੱਤਰ ਨੇ ਚੋਣਾਂ ਵਿੱਚ ਪਾਰਟੀ ਦੇ ਸਟੈਂਡ ਦੀ ਵਿਆਖਿਆ ਕੀਤੀ। ਇਸ ਉਪਰੰਤ ਫੈਸਲਾ ਹੋਇਆ ਕਿ ਪੰਜਾਬ ਵਿੱਚ ਪਾਰਟੀ ਤਿੰਨ ਸੀਟਾਂ 'ਤੇ ਚੋਣ ਲੜੇਗੀ, ਜਿਨ੍ਹਾਂ ਵਿੱਚ ਫਰੀਦਕੋਟ, ਅੰਮ੍ਰਿਤਸਰ ਅਤੇ ਖਡੂਰ ਸਾਹਿਬ ਸ਼ਾਮਿਲ ਹਨ। ਇਸ ਤੋਂ ਇਲਾਵਾ ਜਲੰਧਰ ਵਿਖੇ ਸੀ ਪੀ ਆਈ (ਐੱਮ) ਦੇ ਉਮੀਦਵਾਰ ਦਾ ਸਮਰਥਨ ਕੀਤਾ ਜਾਏਗਾ। ਮੀਟਿੰਗ ਵਿੱਚ ਵੱਖ-ਵੱਖ ਸਾਥੀਆਂ ਨੇ ਬੋਲਦੇ ਹੋਏ ਕਿਹਾ ਕਿ ਅੱਜ ਦੇਸ਼ ਦੀ ਸਥਿਤੀ ਬਹੁਤ ਹੀ ਨਾਜ਼ੁਕ ਦੌਰ 'ਚ ਹੈ, ਕਿਉਂਕਿ ਪਿਛਲੇ 10 ਸਾਲਾਂ ਵਿੱਚ ਆਰ ਐੱਸ ਐੱਸ ਦੀ ਵਿਚਾਰਧਾਰਾ ਨੂੰ ਪ੍ਰਣਾਈ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ

■ ਜਲੰਧਰ 'ਚ ਮਾਰਕਸੀ ਉਮੀਦਵਾਰ ਦੀ ਹਮਾਇਤ

ਦੇ ਦੌਰਾਨ ਦੇਸ਼ ਵਿੱਚ ਸਮਾਜਿਕ ਸਦਭਾਵਨਾ ਨੂੰ ਤੋੜਨ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ, ਕਾਮਿਆਂ ਦੇ ਅਧਿਕਾਰਾਂ ਦਾ ਘਾਣ ਕੀਤਾ ਗਿਆ ਹੈ, ਕਿਸਾਨਾਂ ਦੇ ਉੱਪਰ ਲਗਾਤਾਰ ਜ਼ੁਲਮ ਢਾਹੇ ਗਏ ਹਨ ਤੇ ਮੰਗੀਆਂ ਹੋਈਆਂ ਮੰਗਾਂ ਤੋਂ ਸਰਕਾਰ ਪੂਰੀ ਤਰ੍ਹਾਂ ਮੁਕਰ ਗਈ ਹੈ, ਜਿਸ ਤਰੀਕੇ ਨਾਲ ਬਿਲਕਿਸ ਬਾਨੋ ਦੇ ਹਤਿਆਰਿਆਂ ਤੇ ਬਲਾਤਕਾਰੀਆਂ ਨੂੰ ਰਿਹਾਅ ਕੀਤਾ ਗਿਆ ਜਾਂ ਫਿਰ ਮਹਿਲਾ ਭਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਮੁਲਜ਼ਮ ਬ੍ਰਿਜ ਭੂਸ਼ਨ ਸ਼ਰਨ ਸਿੰਘ ਦਾ ਬਚਾਅ ਕਰਕੇ ਮਹਿਲਾ ਭਲਵਾਨਾਂ 'ਤੇ ਜ਼ੁਲਮ ਢਾਹੇ ਗਏ, ਇਹ ਅਤੀ ਨਿਖੇਧੀਯੋਗ ਘਟਨਾਵਾਂ ਹਨ। ਬੇਰੁਜ਼ਗਾਰੀ ਤੇ ਮਹਿੰਗਾਈ ਦੇ ਕਾਰਨ ਅੱਜ ਹਾਹਾਕਾਰ ਮਚੀ ਹੋਈ ਹੈ। ਸਿੱਖਿਆ ਤੇ ਸਿਹਤ ਸੇਵਾਵਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ। ਹਰ ਪੱਖੋਂ ਅਸਫਲ ਭਾਜਪਾ ਸਰਕਾਰ ਲੋਕਾਂ ਵਿੱਚ ਵੰਡੀਆਂ ਪਾ ਕੇ, ਧਰਮ ਤੇ ਰਾਜਨੀਤੀ ਨੂੰ ਰਲਗਡ ਕਰਕੇ ਮੁੜ ਸੱਤਾ ਵਿੱਚ ਆਉਣ ਦੀ ਫਿਰਾਕ ਵਿੱਚ ਹੈ, ਜਿਸ ਤਰੀਕੇ ਨਾਲ ਪਰਮਾਣੂ ਬੰਬਾਂ ਬਾਰੇ ਨਰਿੰਦਰ ਮੋਦੀ ਨੇ ਬਿਆਨ ਦਿੱਤਾ ਹੈ, ਉਹ ਬਹੁਤ ਹੀ ਖਤਰਨਾਕ ਗੱਲ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਭਾਜਪਾ ਦੀ ਸਰਕਾਰ ਨੂੰ ਗੱਦੀਓਂ ਲਾਹਿਆ ਜਾਏ, ਤਾਂ ਜੋ ਦੇਸ਼ ਵਿੱਚ ਸਦਭਾਵਨਾ ਦਾ ਮਾਹੌਲ ਬਣੇ ਅਤੇ ਲੋਕ ਹਿੱਤੂ ਸਰਕਾਰ ਦਾ ਗਠਨ ਹੋਵੇ। ਇਸ ਬਾਰੇ ਪਾਰਟੀ 'ਇੰਡੀਆ ਗਠਜੋੜ' ਦੇ ਨਾਲ ਪੂਰੀ ਤਰ੍ਹਾਂ ਡਟ ਕੇ ਖੜੀ ਹੈ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਨਿਰਮਲ ਸਿੰਘ ਧਾਲੀਵਾਲ, ਜਗਰੂਪ ਸਿੰਘ ਅਤੇ ਹਰਦੇਵ ਅਰਸ਼ੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ।

ਅਮਰੀਕਾ ਮੋਦੀ ਤੇ ਰਾਜਨਾਥ ਦੇ ਬਿਆਨਾਂ ਬਾਰੇ ਚੁੱਪ

ਵਾਸ਼ਿੰਗਟਨ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ ਦਿੱਤੇ ਅੱਤਵਾਦੀਆਂ ਨੂੰ ਮਾਰਨ ਲਈ ਸਰਹੱਦ ਪਾਰ ਕਰਨ ਦੇ ਕਥਿਤ ਬਿਆਨ 'ਤੇ ਅਮਰੀਕੀ ਪ੍ਰਸ਼ਾਸਨ ਨੇ ਕਿਹਾ ਹੈ ਕਿ ਅਮਰੀਕਾ ਇਸ ਮਾਮਲੇ ਵਿਚ ਦਖਲ ਨਹੀਂ ਦੇਵੇਗਾ, ਪਰ ਉਸਨੇ ਭਾਰਤ ਅਤੇ ਪਾਕਿਸਤਾਨ ਨੂੰ ਤਣਾਅ ਵਧਣ ਤੋਂ ਬਚਣ ਅਤੇ ਗੱਲਬਾਤ ਰਾਹੀਂ ਹੱਲ ਕੱਢਣ ਦੀ ਅਪੀਲ ਕੀਤੀ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਹ ਗੱਲ ਕਹੀ। ਉਨ੍ਹਾਂ ਤੋਂ ਅੱਤਵਾਦੀਆਂ ਨੂੰ ਖਤਮ ਕਰਨ ਲਈ ਭਾਰਤ ਦੇ ਦੂਜੇ ਦੇਸ਼ਾਂ ਵਿਚ ਕਥਿਤ ਕਾਰਵਾਈਆਂ ਬਾਰੇ ਸਵਾਲ ਪੁੱਛਿਆ ਗਿਆ ਸੀ। ਇਹ ਪੁੱਛੇ ਜਾਣ 'ਤੇ ਕਿ ਕੀ ਕੈਨੇਡਾ 'ਚ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਦੇ ਕਤਲ, ਨਿਊਯਾਰਕ 'ਚ ਗੁਰਪਤਵੰਤ ਸਿੰਘ ਪਨੂੰ ਦੇ ਕਤਲ ਦੀ ਸਾਜ਼ਿਸ਼ ਅਤੇ ਪਾਕਿਸਤਾਨ 'ਚ ਹੋਈਆਂ ਹੱਤਿਆਵਾਂ ਦੇ ਸੰਦਰਭ 'ਚ ਮੋਦੀ ਅਤੇ ਰਾਜਨਾਥ ਦੀਆਂ ਟਿੱਪਣੀਆਂ ਨੂੰ ਇਕਬਾਲੀਆ ਬਿਆਨ ਮੰਨਿਆ ਗਿਆ ਹੈ, ਮਿਲਰ ਨੇ ਕਿਹਾ ਕਿ ਅਮਰੀਕਾ ਇਸ ਮਾਮਲੇ 'ਚ ਨਹੀਂ ਪਏਗਾ।

ਕਿਸਾਨਾਂ ਨੇ ਸ਼ੰਭੂ ਰੇਲਵੇ ਸਟੇਸ਼ਨ 'ਤੇ ਰੇਲਾਂ ਰੋਕੀਆਂ

ਚੰਡੀਗੜ੍ਹ : ਕਿਸਾਨ ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ (ਗੈਰਸਿਆਸੀ) ਨੇ ਬੁੱਧਵਾਰ ਸ਼ੰਭੂ ਰੇਲਵੇ ਸਟੇਸ਼ਨ 'ਤੇ ਰੇਲ ਰੋਕੋ ਅੰਦੋਲਨ ਸ਼ੁਰੂ ਕਰ ਦਿੱਤਾ। ਕਿਸਾਨ ਪਟੜੀਆਂ 'ਤੇ ਬੈਠ ਗਏ ਹਨ। ਕਿਸਾਨਾਂ ਨੇ ਕਿਹਾ ਕਿ ਜੇ ਉਨ੍ਹਾਂ ਦੇ ਨੇਤਾਵਾਂ ਤੇ ਵਰਕਰਾਂ ਨੂੰ ਰਿਹਾਅ ਨਾ ਕੀਤਾ ਤਾਂ ਇਹ ਪ੍ਰਦਰਸ਼ਨ ਅਣਮਿੱਥੇ ਸਮੇਂ ਤੱਕ ਜਾਰੀ ਰਹੇਗਾ। ਇਸ ਦੌਰਾਨ ਵੱਡੀ ਗਿਣਤੀ 'ਚ ਪੁਲਸ ਤਾਇਨਾਤ ਕਰ ਦਿੱਤੀ ਗਈ ਹੈ।

ਅੰਬਾਲਾ ਡਵੀਜ਼ਨ ਵਿਚ ਕਿਸਾਨ ਅੰਦੋਲਨ ਦਾ ਅਸਰ ਰਾਜਸਥਾਨ ਨਾਲ ਜੁੜੀਆਂ ਦੋ ਟਰੇਨਾਂ 'ਤੇ ਵੀ ਪਿਆ ਹੈ ਅਤੇ ਉਨ੍ਹਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਉੱਤਰ ਪੱਛਮੀ ਰੇਲਵੇ ਦੇ ਬੁਲਾਰੇ ਨੇ ਦੱਸਿਆ ਕਿ ਰੇਲ ਗੱਡੀ ਨੰਬਰ 04744, ਲੁਧਿਆਣਾ-ਚੂਰੂ ਵਿਸ਼ੇਸ਼ ਰੇਲ ਸੇਵਾ 17 ਅਪਰੈਲ ਨੂੰ ਰੱਦ ਰਹੇਗੀ ਅਤੇ ਰੇਲ ਨੰਬਰ 04745, ਚੂਰੂ-ਲੁਧਿਆਣਾ ਵਿਸ਼ੇਸ਼ ਰੇਲ ਸੇਵਾ 18 ਅਪਰੈਲ ਨੂੰ ਰੱਦ ਰਹੇਗੀ।

ਦਸਵੀਂ ਦਾ ਨਤੀਜਾ ਅੱਜ

ਮੁਹਾਲੀ : ਪੰਜਾਬ ਸਕੂਲ ਸਿੱਖਿਆ ਬੋਰਡ ਦਸਵੀਂ ਦਾ ਨਤੀਜਾ 18 ਅਪ੍ਰੈਲ ਨੂੰ ਬਾਅਦ ਦੁਪਹਿਰ ਐਲਾਨੇਗਾ। ਪ੍ਰੀਖਿਆਰਥੀ 19 ਅਪ੍ਰੈਲ ਨੂੰ ਇਹ ਬੋਰਡ ਦੀ ਵੈੱਬਸਾਈਟ 'ਤੇ ਦੇਖ ਸਕਣਗੇ।

ਸੂ ਕੀ ਹੁਣ ਘਰ 'ਚ ਨਜ਼ਰਬੰਦ

ਬੈਂਕਾਕ : ਮਿਆਂਮਾਰ ਦੀ ਫੌਜ ਨੇ ਸੱਤਾ ਤੋਂ ਬੇਦਖਲ ਨੇਤਾ ਆਂਗ ਸਾਨ ਸੂ ਕੀ ਨੂੰ ਸਿਹਤ ਕਾਰਨ ਗੰਭੀਰ ਗਰਮੀ ਦੀ ਲਹਿਰ ਦੇ ਮੱਦੇਨਜ਼ਰ ਜੇਲ੍ਹ ਤੋਂ ਘਰ 'ਚ ਨਜ਼ਰਬੰਦ ਕਰ ਦਿੱਤਾ ਹੈ। 2021 'ਚ ਫੌਜ ਨੇ ਚੁਣੀ ਹੋਈ ਸਰਕਾਰ ਨੂੰ ਬੇਦਖਲ ਕਰਕੇ ਸੱਤਾ ਸੰਭਾਲ ਲਈ ਸੀ ਅਤੇ ਸੂ ਕੀ ਨੂੰ ਜੇਲ੍ਹ 'ਚ ਬੰਦ ਕਰ ਦਿੱਤਾ ਸੀ।

ਭਾਰਤ ਦੇ ਫੈਸਲਿਆਂ ਨਾਲ ਅਮਰੀਕੀ ਕਿਸਾਨਾਂ ਨੂੰ ਫਾਇਦਾ

ਵਾਸ਼ਿੰਗਟਨ : ਅਮਰੀਕੀ ਵਪਾਰ ਪ੍ਰਤੀਨਿਧੀ ਕੈਥਰੀਨ ਤਾਈ ਨੇ ਕਿਹਾ ਹੈ ਕਿ ਕਈ ਅਮਰੀਕੀ ਉਤਪਾਦਾਂ 'ਤੇ ਟੈਕਸ ਹਟਾਉਣ ਦੇ ਭਾਰਤ ਦੇ ਫੈਸਲੇ ਨੇ ਚਿੱਟੇ ਛੋਲਿਆਂ, ਦਾਲ, ਬਦਾਮ, ਅਖਰੋਟ ਅਤੇ ਸੇਬ ਦੇ ਅਮਰੀਕੀ ਕਾਰੋਬਾਰੀਆਂ ਨੂੰ ਰਾਹਤ ਦਿੱਤੀ ਹੈ ਤੇ ਦੇਸ਼ ਦੇ ਕਿਸਾਨਾਂ ਨੂੰ ਫਾਇਦਾ ਹੋ ਰਿਹਾ ਹੈ। ਤਾਈ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਨੇ ਪਿਛਲੇ ਸਾਲ ਸਤੰਬਰ 'ਚ ਵਿਸ਼ਵ ਵਪਾਰ ਸੰਗਠਨ ਵਿਵਾਦ ਨੂੰ ਸੁਲਝਾਇਆ ਸੀ ਅਤੇ ਭਾਰਤ ਨੇ ਕਈ ਅਮਰੀਕੀ ਉਤਪਾਦਾਂ 'ਤੇ ਟੈਕਸ ਘਟਾਉਣ ਲਈ ਸਹਿਮਤੀ ਦਿੱਤੀ ਸੀ। ਇਸ ਦਾ ਮਤਲਬ ਹੈ ਅਮਰੀਕੀ ਛੋਲਿਆਂ, ਦਾਲ, ਬਦਾਮ, ਅਖਰੋਟ ਅਤੇ ਸੇਬ ਲਈ ਭਾਰਤ ਤੱਕ ਪਹੁੰਚ ਸੌਖੀ ਹੋ ਗਈ ਤੇ ਇਸ ਨਾਲ ਦੇਸ਼ ਭਰ ਦੇ ਕਿਸਾਨਾਂ ਨੂੰ ਲਾਭ ਹੋਵੇਗਾ।

ਖੁਦਕੁਸ਼ੀ ਲਈ ਜ਼ਰੂਰੀ ਨਹੀਂ...

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਦੇ ਜਸਟਿਸ ਅਮਿਤ ਮਹਾਜਨ ਨੇ ਮਹਿਲਾ ਤੇ ਉਸ ਦੇ ਦੋਸਤ ਨੂੰ ਅਗਾਊਂ ਜ਼ਮਾਨਤ ਦਿੰਦੇ ਹੋਏ ਕਿਹਾ ਕਿ ਕਮਜ਼ੋਰ ਮਾਨਸਿਕਤਾ ਵਾਲੇ ਵਿਅਕਤੀ ਵੱਲੋਂ ਕੀਤੇ ਗਲਤ ਫੈਸਲੇ ਲਈ ਕਿਸੇ ਹੋਰ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਜੇ ਪ੍ਰੇਮੀ ਪ੍ਰੇਮ 'ਚ ਅਸਫਲਤਾ, ਵਿਦਿਆਰਥੀ ਪ੍ਰੀਖਿਆ 'ਚ ਮਾੜੇ ਪ੍ਰਦਰਸ਼ਨ ਤੇ ਮੁਦਈ ਕੇਸ ਖਾਰਜ ਹੋਣ ਕਾਰਨ ਖੁਦਕੁਸ਼ੀ ਕਰਦਾ ਹ

18-APRIL-PAGE-1.qxd 4/17/2024 10:30 PM Page 2

ਅਕਾਲ ਅਕੈਡਮੀ 'ਚ ਵਿਸਾਖੀ ਦਾ ਦਿਹਾੜਾ ਮਨਾਇਆ

ਚੀਮਾ ਮੰਡੀ (ਰਵਿੰਦਰ ਚੀਮਾ) ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਸੰਚਾਲਿਤ ਅਕਾਲ ਅਕੈਡਮੀ ਫ਼ਤਿਹਗੜ੍ਹ ਗੰਢੂਆਂ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸਾਖੀ ਦਾ ਦਿਹਾੜਾ ਸ਼ਰਧਾ ਤੇ ਧਾਰਮਿਕ ਭਾਵਨਾ ਨਾਲ ਮਨਾਇਆ।ਇਸ ਵਿਸ਼ੇਸ਼ ਤਿਉਹਾਰ ਨੂੰ ਸਕੂਲ 'ਚ ਵੱਖ-ਵੱਖ ਜਮਾਤ ਦੇ ਵਿਦਿਆਰਥੀਆਂ ਨੇ ਵੱਖ-ਵੱਖ ਸਰਗਰਮੀਆਂ ਨਾਲ ਮਨਾਇਆ।ਵਿਦਿਆਰਥੀਆਂ ਨੇ ਸ਼ਬਦ ਕੀਰਤਨ, ਧਾਰਮਿਕ-ਕਵਿਤਾਵਾਂ, ਭਾਸ਼ਣ, ਧਾਰਮਿਕ-ਕੋਰੀਓਗ੍ਰਾਫ਼ੀ ਤੇ ਗੱਤਕੇ ਦੇ ਜੌਹਰ ਵਿਖਾਏ।ਗੁਰਮਤਿ ਅਧਿਆਪਕਾ ਹਰਜਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਵਿਸਾਖੀ ਵਾਲੇ ਦਿਨ ਦੇ ਇਤਿਹਾਸ ਤੋਂ ਜਾਣੂ ਕਰਾਇਆ।ਇਸ ਮੌਕੇ ਅਕਾਲ ਅਕੈਡਮੀ ਫ਼ਤਿਹਗੜ੍ਹ ਗੰਢੂਆਂ ਦੇ ਪ੍ਰਿੰਸੀਪਲ ਸ੍ਰੀਮਤੀ ਅਨੁਰਾਧਾ ਬੱਬਰ ਨੇ ਵਿਸਾਖੀ ਦੇ ਇਤਿਹਾਸ ਨਾਲ ਸਬੰਧਤ ਭਾਸ਼ਣ ਦਿੱਤਾ, ਜਿਸ 'ਚ ਵਿਸਾਖੀ ਦੇ ਦਿਨ ਖਾਲਸਾ ਪੰਥ ਦੀ ਸਾਜਨਾ ਤੇ ਜਲ੍ਹਿਆਂਵਾਲਾ ਬਾਗ ਦੀ ਘਟਨਾ ਦਾ ਵਰਨਣ ਕੀਤਾ।ਉਨ੍ਹਾਂ ਇਸ ਮੌਕੇ ਸਾਰੇ ਬੱਚਿਆਂ, ਸਟਾਫ਼ ਤੇ ਮਾਪਿਆਂ ਨੂੰ ਵਿਸਾਖੀ ਦੇ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ।ਉਨ੍ਹਾਂ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਵੀ ਕੀਤੀ ਤੇ ਗੁਰੂ ਕਲਗੀਆਂ ਵਾਲੇ ਦਾ ਅੰਮ੍ਰਿਤ ਛਕ ਕੇ ਸਿੰਘ ਸਜਣ ਦੀ ਅਪੀਲ ਕੀਤੀ।

120 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) ਪੁਲਸ ਵੱਲੋਂ 120 ਨਸ਼ੀਲੀਆਂ ਗੋਲੀਆਂ ਸਮੇਤ ਮਨਜੀਤ ਸਿੰਘ ਵਾਸੀ ਮਾਛੀਵਾੜਾ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਜਗਤਾਰ ਸਿੰਘ ਰਾਹੋਂ ਤੋਂ ਰੋਪੜ ਰੋਡ 'ਤੇ ਪੁਲਸ ਪਾਰਟੀ ਸਮੇਤ ਗਸ਼ਤ ਕਰ ਰਿਹਾ ਸੀ ਤਾਂ ਇੱਕ ਮੋਨਾ ਵਿਅਕਤੀ ਜਿਸ ਦੇ ਹੱਥ ਵਿਚ ਮੋਮੀ ਕਾਗਜ਼ ਦਾ ਲਿਫ਼ਾਫ਼ਾ ਫੜਿਆ ਹੋਇਆ ਸੀ, ਉਹ ਪੁਲਸ ਨੂੰ ਦੇਖ ਘਬਰਾ ਗਿਆ ਅਤੇ ਇਹ ਲਿਫ਼ਾਫਾ ਸੁੱਟ ਦਿੱਤਾ। ਲਿਫ਼ਾਫਾ ਸੁੱਟਣ 'ਤੇ ਇਸ 'ਚੋਂ ਗੋਲੀਆਂ ਦੇ ਪੱਤੇ ਬਾਹਰ ਖਿੰਲਰ ਗਏ ਤੇ ਪੁਲਿਸ ਨੇ ਜਾਂਚ ਲਈ ਇਸ ਵਿਅਕਤੀ ਨੂੰ ਰੋਕ ਲਿਆ। ਇਸ ਵਿਅਕਤੀ ਨੇ ਪੁਲਸ ਨੂੰ ਆਪਣਾ ਨਾਂਅ ਮਨਜੀਤ ਸਿੰਘ ਵਾਸੀ ਮਾਛੀਵਾੜਾ ਦੱਸਿਆ ਅਤੇ ਉਸ ਵੱਲੋਂ ਸੁੱਟੇ ਲਿਫ਼ਾਫ਼ੇ 'ਚੋਂ 12 ਪੱਤੇ ਜਿਸ ਵਿਚ ਕੁੱਲ 120 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਇਹ ਵਿਅਕਤੀ ਪੁਲਸ ਨੂੰ ਕੋਈ ਵੀ ਗੋਲੀਆਂ ਰੱਖਣ ਸਬੰਧੀ ਲਾਇਸੈਂਸ ਜਾਂ ਡਾਕਟਰੀ ਪਰਚੀ ਪੇਸ਼ ਨਾ ਕਰ ਸਕਿਆ, ਜਿਸ ਖਿਲਾਫ਼ ਐੱਨਡੀਪੀਸੀ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਨਸ਼ੀਲੀਆਂ ਦਵਾਈਆਂ ਕਿੱਥੋਂ ਲਿਆਉਂਦਾ ਸੀ ਤੇ ਕਿਸ ਨੂੰ ਵੇਚਦਾ ਸੀ।

ਜੀਤਮਹਿੰਦਰ ਸਿੱਧੂ ਤਜਰਬੇਕਾਰ ਸਿਆਸਤਦਾਨ : ਸਿੰਗਲਾ

ਬਰੇਟਾ (ਰੀਤਵਾਲ) ਕਾਂਗਰਸ ਪਾਰਟੀ ਵੱਲੋਂ ਲੋਕ ਸਭਾ ਹਲਕਾ ਬਠਿੰਡਾ ਤੋਂ ਜੀਤਮਹਿੰਦਰ ਸਿੰਘ ਸਿੱਧੂ ਨੂੰ ਉਮੀਦਵਾਰ ਐਲਾਨੇ ਜਾਣ ਤੇ ਬਲਾਕ ਕਾਂਗਰਸ ਕਮੇਟੀ ਬਰੇਟਾ ਵੱਲੋਂ ਸੂਬਾ ਕਾਂਗਰਸ ਦੇ ਸਕੱਤਰ ਕੁਲਵੰਤ ਰਾਏ ਸਿੰਗਲਾ ਦੀ ਅਗਵਾਈ ਹੇਠ ਲੱਡੂ ਵੰਡ ਕੇ ਖੁਸ਼ੀ ਦਾ ਇਜਹਾਰ ਕੀਤਾ ਗਿਆ। ਸਿੰਗਲਾ ਨੇ ਕਿਹਾ ਕਿ ਪਾਰਟੀ ਵੱਲੋਂ ਲਿਆ ਗਿਆ ਫ਼ੈਸਲਾ ਪਾਰਟੀ ਨੂੰ ਹੋਰ ਮਜਬੂਤ ਕਰੇਗਾ। ਉਨ੍ਹਾਂ ਕਿਹਾ ਕਿ ਸਿੱਧੂ ਇੱਕ ਤਜਰਬੇਕਾਰ ਸਿਆਸਤਦਾਨ ਹਨ। ਉਹ ਇਸ ਤੋਂ ਪਹਿਲਾਂ ਵਿਧਾਨ ਸਭਾ ਹਲਕਾ ਤਲਵੰਡੀ ਅਤੇ ਮੋੜ ਤੋਂ ਵਿਧਾਇਕ ਰਹਿ ਚੁੱਕੇ ਹਨ। ਇਸ ਮੌਕੇ ਸਵਰਨ ਸਿੰਘ ਖੁਡਾਲ, ਰਮੇਸ਼ ਕੁਮਾਰ ਟੈਣੀ, ਜਗਰਾਜ ਸਿੰਘ ਬਰੇਟਾ, ਲਾਲੂ ਭਾਰਦਵਾਜ, ਮੁਲਖਰਾਜ ਸ਼ਰਮਾ, ਰਾਮ ਲਾਜ ਸਿੰਘ ਸਾਬਕਾ ਸਰਪੰਚ, ਕੌਂਸਲਰ ਸੁਖਪਾਲ ਸਿੰਘ, ਨਿਰਮਲ ਸਿੰਘ, ਗੋਪਾਲ ਸ਼ਰਮਾ ਬਲਾਕ ਪ੍ਰਧਾਨ, ਕੌਂਸਲਰ ਪ੍ਰਸ਼ੋਤਮ ਸਿੰਗਲਾ, ਸਤੀਸ਼ ਭਾਟੀਆ, ਰਵੀ ਸ਼ਰਮਾ, ਫ਼ੌਜਾ ਸਿੰਘ, ਸਤਪਾਲ ਸਿੰਘ, ਸਰਪੰਚ ਕੁਲਵਿੰਦਰ ਸਿੰਘ ਦਿਆਲਪੁਰਾ, ਅੰਮ੍ਰਿਤਪਾਲ ਸਿੰਘ ਨੰਬਰਦਾਰ, ਸੁਖਵਿੰਦਰ ਸਿੰਘ ਨਿਕਾ, ਸੁੱਖਾ ਧਲੇਵਾ, ਲੀਲਾ ਸਿੰਘ, ਚੂਹੜੂ ਰਾਮ ਸ਼ਰਮਾ, ਨਿੱਕਾ ਸਿੰਘ ਧਰਮਪੁਰਾ, ਦਵਿੰਦਰ ਸਿੰਘ ਕਟੌਦੀਆ, ਆਸ਼ੂ ਬਰੇਟਾ, ਬਾਬੂ ਸ਼ਰਮਾ, ਨਰਿੰਦਰ ਕੁਮਾਰ ਨੀਟੂ, ਮਹਿੰਦਰ ਸ਼ਰਮਾ, ਕਾਲਾ ਸਿੰਘ, ਕਾਮਰੇਡ ਰਾਜੇਸ਼ ਜਿੰਦਲ ਖੁਡਾਲੀਆ, ਸਤਿਗੁਰ ਸਿੰਘ ਸਰਪੰਚ, ਪ੍ਰਕਾਸ਼ ਚੰਦ ਕੁਲਰੀਆਂ ਤੇ ਮੋਹਣ ਸਿੰਘ ਖੁਡਾਲ ਵੀ ਹਾਜ਼ਰ ਸੀ।

ਅਮਿਤ ਸਿੰਗਲਾ ਰੋਟਰੀ ਕਲੱਬ ਦੇ ਡਿਸਟ੍ਰਿਕਟ ਗਵਰਨਰ ਬਣਨ 'ਤੇ ਸਨਮਾਨਤ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਐੱਸ.ਆਰ.ਐੱਸ ਵਿੱਦਿਆਪੀਠ ਸਮਾਣਾ ਦੇ ਚੇਅਰਮੈਨ ਅਮਿਤ ਸਿੰਗਲਾ ਨੂੰ ਰੋਟਰੀ ਕਲੱਬ ਦੇ ਡਿਸਟ੍ਰਿਕਟ ਗਵਰਨਰ ਬਣਨ 'ਤੇ ਸੁਨੀਲ ਮਿੱਤਲ (ਬ੍ਰਾਂਚ ਮੈਨੇਜਰ ਕੋਟਕ ਲਾਈਫ ਇੰਸ਼ੋਰੈਂਸ ਪਟਿਆਲਾ, ਸੈਕਟਰੀ ਲਾਇਨਜ਼ ਕਲੱਬ ਪਟਿਆਲਾ ਫੋਰਟ) ਅਤੇ ਉਨ੍ਹਾਂ ਦੀ ਪਤਨੀ ਸ਼ਰੂਤੀ ਮਿੱਤਲ (ਐਕਟੀਵਿਟੀ ਇੰਚਾਰਜ ਆਫ਼ ਕਿੰਡਰਗਾਰਟਨ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ) ਵੱਲੋਂ ਸਨਮਾਨਤ ਕੀਤਾ ਗਿਆ।ਇਸ ਮੌਕੇ ਸੁਨੀਲ ਮਿੱਤਲ ਤੇ ਉਨ੍ਹਾਂ ਦੀ ਪਤਨੀ ਸ਼ਰੂਤੀ ਮਿੱਤਲ ਨੇ ਅਮਿਤ ਸਿੰਗਲਾ ਨੂੰ ਰੋਟਰੀ ਕਲੱਬ ਦੇ ਡਿਸਟ੍ਰਿਕਟ ਗਵਰਨਰ ਬਣਨ 'ਤੇ ਤਹਿ ਦਿਲੋਂ ਵਧਾਈ ਦਿੱਤੀ।

ਜੈ ਸ੍ਰੀ ਰਾਮ ਦੇ ਜੈਕਾਰਿਆਂ ਦੀ ਗੂੰਜ 'ਚ ਝੂਮ ਉੱਠੇ ਸ਼ਰਧਾਲੂ

ਬਾਘਾ ਪੁਰਾਣਾ, (ਮਨੀ ਸਿੰਗਲਾ) ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੀ ਰਾਮ ਲੀਲਾ ਉਤਸ਼ਵ ਕਮੇਟੀ ਵਲੋਂ ਸ਼੍ਰੀ ਸ਼ਿਵ ਮੰਦਰ ਮੋਗਾ ਰੋਡ ਵਿਖੇ ਸ਼੍ਰੀ ਰਾਮ ਨੌਮੀ ਮਹਾਂਉਤਸਵ ਧੂਮ-ਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਸੁੰਦਰ ਦਰਬਾਰ ਸਜਾਇਆ ਗਿਆ ਸੀ।ਭਜਨ ਗਾਇਨ ਮਾਸਟਰ ਨੂਰ ਮਹਿਰਾ ਅੰਮ੍ਰਿਤਸਰ ਵਾਲੇ ਵੱਲੋਂ ਕੀਤਾ ਗਿਆ।ਇਸ ਮੌਕੇ ਸ਼੍ਰੀ ਸਾਲਾਸਰ ਧਾਮ, ਮਾਂ ਜਵਾਲਾ ਜੀ, ਮਾਤਾ ਚਿੰਤਪੂਰਨੀ ਤੋਂ ਆਈ ਪਵਿੱਤਰ ਜੋਤ ਦੇ ਭਗਤਾਂ ਨੇ ਦਰਸ਼ਨ ਕੀਤੇ ਤੇ ਆਸ਼ੀਰਵਾਦ ਪ੍ਰਾਪਤ ਕੀਤਾ। ਸਮਾਗਮ ਦੀ ਸ਼ੁਰੂਆਤ ਕਰਨ ਤੋਂ ਪਹਿਲਾ ਪੂਜਨ ਕਰਾਇਆ ਗਿਆ।ਪੂਜਨ ਕਰਾਉਣ ਉਪਰੰਤ ਰਮਨ ਅਰੋੜਾ, ਦਰਸ਼ਨ ਗਰਗ, ਐਡਵੋਕੇਟ ਅਮਿਤ ਗੋਇਲ, ਮਖਨ ਲਾਲ ਬਾਂਸਲ ਵੱਲੋਂ ਪੂਜਨ ਕਰਵਾਇਆ ਗਿਆ ਤੇ ਸਮਾਗਮ ਸ਼੍ਰੀ ਰਾਮ ਲੀਲਾ ਉਤਸ਼ਵ ਕਮੇਟੀ ਦੇ ਡਾਇਰੈਕਟਰ ਅਸ਼ਵਨੀ ਸ਼ਰਮਾ, ਪ੍ਰਧਾਨ ਦੀਪਕ ਗਰਗ ਬੌਬੀ, ਚੇਅਰਮੈਨ ਰੋਸ਼ਨ ਲਾਲ ਰੋਸ਼ੀ, ਮਨੋਜ ਕੁਮਾਰ ਸੈਕਟਰੀ, ਅਮਨ ਤਨੇਜਾ ਕੈਸ਼ੀਅਰ ਦੀ ਦੇਖ-ਰੇਖ ਹੇਠ ਕਰਵਾਇਆ। ਗਾਇਕ ਮਾ ਨੂਰ ਮਹਿਰਾ ਅੰਮ੍ਰਿਤਸਰ ਵਾਲਿਆਂ ਦੇ ਭਜਨਾਂ 'ਤੇ ਭਗਤਾਂ ਨੇ ਖੂਬ ਨੱਚ ਕੇ ਖੁਸ਼ੀ ਮਨਾਈ ਤੇ ਜੈ ਸ਼੍ਰੀ ਰਾਮ ਦੇ ਜੈਕਾਰੇ ਲਾਏ ਅਤੇ ਸਮਾਗਮ ਵਾਲੀ ਥਾਂ ਦੀ ਰੰਗ-ਬਿਰੰਗੀਆਂ ਲਾਈਟਾਂ, ਗੁਬਾਰਿਆਂ ਨਾਲ ਖੂਬ ਡੇਕੋਰੇਸ਼ਨ ਕੀਤੀ ਗਈ ਸੀ।

ਹੀਰੋ ਕੰਪਨੀ ਵੱਲੋਂ ਸੂਬੇਦਾਰ ਸੁਖਦੇਵ ਸਿੰਘ ਨੂੰ ਸਕੂਟਰ ਭੇਟ

ਜਗਰਾਉਂ, (ਸੰਜੀਵ ਅਰੋੜਾ) ਏ.ਐਸ.ਆਟੋਮੋਬਾਈਲ ਵਿਖੇ ਸੂਬੇਦਾਰ ਸੁਖਦੇਵ ਸਿੰਘ ਰਾਮਗੜ੍ਹ ਭੁੱਲਰ ਨੂੰ ਇਕ ਸਕੂਟਰ ਭੇਟ ਕੀਤਾ ਗਿਆ। ਸੂਬੇਦਾਰ ਸੁਖਦੇਵ ਸਿੰਘ ਰਾਜੋਰੀ ਸੈਕਟਰ ਵਿਖੇ ਅੱਤਵਾਦੀਆਂ ਦਾ ਪਿੱਛਾ ਕਰ ਰਿਹਾ ਸੀ ਤਾਂ ਉਸ ਟਾਈਮ ਪਾਕਿਸਤਾਨ ਬਾਰਡਰ ਦੇ ਨੇੜੇ ਇਕ ਮਾਈਨਜ਼ ਫਟ ਗਈ, ਜਿਸ ਨਾਲ ਉਸ ਦੀ ਇਕ ਲੱਤ ਤੇ ਇੱਕ ਅੱਖ ਨਕਾਰਾ ਹੋ ਗਈ, ਪਰ ਇਸ ਬਹਾਦਰ ਫ਼ੌਜੀ ਨੇ ਹੌਸਲਾ ਨਹੀਂ ਹਾਰਿਆ ਤੇ ਦੁਸ਼ਮਣ ਨਾਲ ਮੁਕਾਬਲਾ ਕਰਦਾ ਰਿਹਾ। ਇਸ ਦੀ ਇਸ ਬਰਾਦਰੀ ਤੋਂ ਖੁਸ਼ ਹੋ ਕੇ ਕੰਪਨੀ ਵੱਲੋਂ ਇਸ ਨੂੰ ਅੱਜ ਇਕ ਸਕੂਟਰ ਭੇਟ ਕੀਤਾ ਗਿਆ। ਇਸ ਮੌਕੇ ਏ. ਐਸ.ਆਟੋਮੋਬਾਈਲ ਵਿਖੇ ਸਾਦਾ ਅਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਰੱਖਿਆ ਗਿਆ ਤੇ ਇਸ ਸਕੂਟਰ ਦੀਆਂ ਚਾਬੀਆਂ ਗੁਰਿੰਦਰ ਸਿੰਘ ਸਿੱਧੂ ਮਾਲਕ ਏ. ਐਸ. ਆਟੋਮੋਬਾਈਲ ਨੇ ਸੂਬੇਦਾਰ ਸੁਖਦੇਵ ਸਿੰਘ ਨੂੰ ਸੌਂਪੀਆਂ। ਇਸ ਮੌਕੇ ਗੁਰਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਅਸੀਂ ਇਨ੍ਹਾਂ ਫ਼ੌਜੀਆਂ ਕਾਰਨ ਹੀ ਆਜ਼ਾਦੀ ਦਾ ਅਨੰਦ ਮਾਣ ਰਹੇ ਹਾਂ। ਇਸ ਮੌਕੇ ਕਰਨਲ ਮੁਖਤਿਆਰ ਸਿੰਘ, ਰਾਜ ਕੁਮਾਰ ਭੱਲਾ, ਸ਼ਿਵ ਗੋਇਲ ਏਪੀ ਰਿਫਾਇਨਰੀ, ਕੈਪਟਨ ਨਰੇਸ਼ ਵਰਮਾ, ਕੈਪਟਨ ਸੁਰਿੰਦਰ ਸਿੰਘ, ਡਾ: ਨਰਿੰਦਰ ਸਿੰਘ ਬੀ. ਕੇ. ਗੈਸ, ਕੈਪਟਨ ਦਰਸ਼ਨ ਸਿੰਘ, ਜੋਗਿੰਦਰ ਸਿੰਘ, ਸੂਬੇਦਾਰ ਸੁਖਦੇਵ ਸਿੰਘ, ਬਲਵੀਰ ਸਿੰਘ ਰਾਮਗੜ੍ਹ ਤੇ ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ। ਅੰਤ ਵਿੱਚ ਕੈਪਟਨ ਨਰੇਸ਼ ਵਰਮਾ ਨੇ ਸਭ ਦਾ ਧੰਨਵਾਦ ਕੀਤਾ।

ਚੇਤ ਦੀ ਅਸ਼ਟਮੀ ਦਾ ਮੇਲਾ ਸ਼ਰਧਾ ਨਾਲ ਮਨਾਇਆ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ) ਚੇਤ ਮਹੀਨੇ ਮਾਤਾ ਦੇ ਨਰਾਤਿਆਂ ਦੇ ਸਬੰਧ ਵਿਚ ਅਸ਼ਟਮੀ ਦਾ ਤਿਉਹਾਰ ਸ਼ਰਧਾਲੂਆਂ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰੇ ਮਾਤਾ ਦੇ ਭਗਤਾਂ ਵਲੋਂ ਘਰਾਂ 'ਚ ਕੰਜਕ ਪੂਜਨ ਕੀਤਾ ਗਿਆ ਤੇ ਉਨ੍ਹਾਂ ਨੂੰ ਪ੍ਰਸ਼ਾਦਿ ਭੇਟ ਕੀਤਾ। ਇਸ ਤੋਂ ਇਲਾਵਾ ਸਥਾਨਕ ਰਤੀਪੁਰ ਰੋਡ 'ਤੇ ਸਥਿਤ ਪੁਰਾਤਨ ਅਤੇ ਇਤਿਹਾਸਕ ਮਾਤਾ ਭੱਦਰਕਾਲੀ ਦੇ ਮੰਦਿਰ ਵਿਖੇ ਵੀ ਚੇਤ ਮਹੀਨੇ ਦੇ ਅਸ਼ਟਮੀ ਦਾ ਪਵਿੱਤਰ ਦਿਹਾੜਾ 'ਤੇ ਸੰਗਤਾਂ ਭਾਰੀ ਗਿਣਤੀ 'ਚ ਦਰਸ਼ਨ ਕਰਨ ਪੁੱਜੀਆਂ। ਸਵੇਰ ਤੋਂ ਹੀ ਸ਼ਰਧਾਲੂ ਮਾਤਾ ਭੱਦਰਕਾਲੀ ਦੇ ਦਰਸ਼ਨ ਕਰਨ ਲਈ ਕਤਾਰਾਂ ਵਿਚ ਲੱਗੇ ਦਿਖਾਈ ਦਿੱਤੇ, ਜਿਨ੍ਹਾਂ ਆਪਣੀਆਂ ਮਨੋਕਾਮਨਾਵਾਂ ਪੂਰਨ ਕੀਤੀਆਂ। ਮੰਦਰ 'ਚ ਸਵੇਰ ਸਮੇਂ ਜਿੱਥੇ ਹਵਨ ਯੱਗ ਕਰਵਾਏ ਗਏ ਉਥੇ ਪਵਿੱਤਰ ਮੂਰਤੀਆਂ ਦਾ ਇਸ਼ਨਾਨ ਕਰਾਉਣ ਉਪਰੰਤ ਉਨ੍ਹਾਂ ਦੀ ਪੂਜਾ ਅਰਚਨਾ ਕੀਤੀ ਗਈ। ਇਸ ਮੌਕੇ ਸ਼ਰਧਾਲੂ ਔਰਤਾਂ ਵੱਲੋਂ ਮਾਤਾ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਆਈਆਂ ਸੰਗਤਾਂ ਲਈ ਅਨੇਕਾਂ ਪ੍ਰਕਾਰ ਦੇ ਲੰਗਰ ਲਾਏ ਗਏ। ਇਸ ਮੌਕੇ ਪ੍ਰਜਾਪਿਤਾ ਬ੍ਰਹਮਕੁਮਾਰੀਜ਼ ਈਸ਼ਵਰ ਵਿਸ਼ਵ ਵਿਦਿਆਲਿਆ ਵਲੋਂ ਆਈ ਸੰਗਤ ਨੂੰ ਪ੍ਰਮਾਤਮਾ ਨੂੰ ਜੋੜਨ ਲਈ ਧਿਆਨ ਕੇਂਦਰਿਤ ਕਰਨ ਸਬੰਧੀ ਜਾਣਕਾਰੀ ਦਿੱਤੀ ਗਈ।

ਸੁਮੀਤ ਖੁੱਡੀਆਂ ਨੇ ਫਰੂਟ ਮੰਡੀ 'ਚ ਪਿਤਾ ਲਈ ਮੰਗੀਆਂ ਵੋਟਾਂ

ਤਲਵੰਡੀ ਸਾਬੋ/ਬਠਿੰਡਾ, (ਜਗਦੀਪ ਗਿੱਲ) ਬਠਿੰਡਾ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਦੇ ਹੱਕ ਵਿੱਚ ਉਨ੍ਹਾਂ ਦੇ ਸਪੁੱਤਰ ਸੁਮੀਤ ਖੁੱਡੀਆਂ ਤੇ ਅਨਿਲ ਠਾਕਰ ਚੇਅਰਮੈਨ ਨੇ ਫਰੂਟ ਮੰਡੀ ਵਿਚ ਪੁੱਜ ਕੇ ਦੁਕਾਨਦਾਰਾਂ ਵੋਟਾਂ ਮੰਗੀਆਂ।ਇਸ ਮੌਕੇ ਉਹਨਾਂ ਫਰੂਟ ਦਾ ਕੰਮ ਕਰਨ ਵਾਲੇ ਦੁਕਾਨਦਾਰਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਦੁਕਾਨਦਾਰਾਂ ਨੂੰ ਕਿਹਾ ਕਿ ਤੁਸੀਂ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਵੋਟਾਂ ਪਾ ਕੇ ਪਾਰਲੀਮੈਂਟ ਵਿੱਚ ਭੇਜੋ, ਉਹ ਤੁਹਾਡੇ ਮਸਲੇ ਹੱਲ ਕਰਨ ਲਈ ਵਚਨਬੱਧ ਹੋਣਗੇ।ਉਨ੍ਹਾਂ ਕਿਹਾ ਆਮ ਆਦਮੀ ਪਾਰਟੀ ਹੀ ਪਹਿਲੀ ਪਾਰਟੀ ਹੈ, ਜਿਸ ਵਿੱਚ ਦੁਕਾਨਦਾਰਾਂ, ਰੇਹੜੀ ਵਾਲਿਆਂ ਤੇ ਆਮ ਘਰਾਂ ਦੇ ਧੀਆਂ ਪੁੱਤ ਦਾ ਮਾਨ-ਸਨਮਾਨ ਅਤੇ ਕਦਰ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਧਨਾਢ ਤੇ ਜਗੀਰਦਾਰਾਂ ਲੋਕਾਂ ਦੀਆਂ ਪਾਰਟੀਆਂ ਹਨ, ਜਿਹੜੀਆਂ ਹੁਣ ਬਠਿੰਡਾ ਲੋਕ ਸਭਾ ਹਲਕੇ ਤੋਂ ਪੈਸੇ ਦੀ ਤਾਕਤ ਨਾਲ ਚੋਣ ਜਿੱਤਣ ਦੇ ਦਗਮਜੇ ਮਾਰ ਰਹੀਆਂ ਹਨ, ਪਰ ਬਠਿੰਡਾ ਲੋਕ ਸਭਾ ਹਲਕੇ ਦੇ ਲੋਕ ਅਜਿਹੇ ਜਗੀਰਦਾਰ ਉਮੀਦਵਾਰਾਂ ਨੂੰ ਹਰਾ ਕੇ ਉਨ੍ਹਾਂ ਦਾ ਹੰਕਾਰ ਤੋੜ ਦੇਣਗੇ, ਜਿਸ ਤਰ੍ਹਾਂ ਲੰਬੀ ਹਲਕੇ ਵਿਚ ਪੰਜ ਵਾਰ ਦੇ ਮੁੱਖ ਮੰਤਰੀ ਨੂੰ ਲੋਕਾਂ ਨੇ ਹਰਾ ਦਿੱਤਾ ਸੀ, ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸੂਬੇ ਦੀ ਬਿਹਤਰੀ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਹੱਥ ਮਜਬੂਤ ਕਰਨ ਖਾਤਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਪਾਰਲੀਮੈਂਟ ਵਿਚ ਭੇਜਣ।

ਜੇ.ਈ. ਦੇ ਘਰ ਨੂੰ ਚੋਰਾਂ ਨੇ ਬਣਾਇਆ ਨਿਸ਼ਾਨਾ

ਬਰੇਟਾ (ਰੀਤਵਾਲ) ਇਲਾਕੇ ਵਿੱਚ ਚੋਰੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਪਿੰਡ ਕਿਸ਼ਨਗੜ੍ਹ ਵਿਖੇ ਬਿਜਲੀ ਬੋਰਡ ਦੇ ਸੇਵਾਮੁਕਤ ਜੇ ਈ ਦੇ ਘਰ ਨੂੰ ਨਿਸ਼ਾਨਾ ਬਣਾ ਕੇ ਸੋਨੇ ਦੇ ਗਹਿਣੇ ਤੇ ਨਕਦੀ ਚੋਰੀ ਦੀ ਘਟਨਾ ਨੂੰ ਅੰਜਾਮ ਦੇ ਦਿੱਤਾ। ਸੇਵਾਮੁਕਤ ਜੇ ਈ ਬਲਜੀਤ ਸਿੰਘ ਨੇ ਦੱਸਿਆ ਕਿ ਸੋਮਵਾਰ ਦੀ ਦੁਪਹਿਰ

18-April-PAGE-3.qxd 4/17/2024 10:38 PM Page 1

ਵਿਰੋਧੀ ਪਾਰਟੀਆਂ ਦੇ ਲਾਰਿਆਂ ਤੋਂ ਸੁਚੇਤ ਰਹੋ : ਈ ਟੀ ਓ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)

ਲੋਕ ਸਭਾ ਚੋਣਾਂ ਵਿੱਚ ਵਿਰੋਧੀ ਪਾਰਟੀਆਂ ਵੱਲੋਂ ਲੋਕਾਂ ਨੂੰ ਕਈ ਤਰ੍ਹਾਂ ਦੇ ਲਾਰੇ ਲਗਾਏ ਜਾ ਰਹੇ ਹਨ ਜਦਕਿ ਇਨ੍ਹਾਂ ਪਾਰਟੀਆਂ ਨੇ ਆਪਣੇ 70 ਸਾਲ ਦੇ ਇਤਿਹਾਸ ਵਿੱਚ ਕਦੀ ਵੀ ਪੰਜਾਬ ਦੇ ਵਿਕਾਸ ਬਾਰੇ ਨਹੀਂ ਸੋਚਿਆ, ਕੇਵਲ ਭਾਈ ਭਤੀਜਾਵਾਦ ਨੂੰ ਹੀ ਬੜਾਵਾ ਦਿੱਤਾ ਹੈ ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਕੈਬਿਨਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਵਿਰੋਧੀ ਪਾਰਟੀ ਕੇਵਲ ਝੂਠੇ ਲਾਰੇ ਹੀ ਲਾ ਰਹੀਆਂ ਹਨ ਅਤੇ ਸਾਨੂੰ ਇਨ੍ਹਾਂ ਤੋਂ ਬਚਣ ਦੀ ਲੋੜ ਹੈ।ਉਨ੍ਹਾਂ ਦੱਸਿਆ ਕਿ ਪਿਛਲੇ 70 ਸਾਲਾਂ ਦਾ ਇਤਿਹਾਸ ਦੇਖ ਲਵੋ ਤਾਂ ਪਤਾ ਲੱਗ ਜਾਵੇਗਾ ਕਿ ਵਿਰੋਧੀਆਂ ਨੇ ਪੰਜਾਬ ਦੇ ਵਿਕਾਸ ਲਈ ਕੀ ਕੀਤਾ ਹੈ।ਉਨ੍ਹਾਂ ਕਿਹਾ ਕਿ ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਸੱਤਾ ਸੰਭਾਲਦਿਆਂ ਹੀ ਦੋ ਸਾਲ ਦੇ ਵਿੱਚ ਵਿੱਚ ਹੀ 45 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ, ਮੁਫਤ ਬਿਜਲੀ, ਮੁਫਤ ਬੱਸਾਂ ਦਾ ਸਫਰ ਅਤੇ ਲੋਕਾਂ ਨੂੰ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਹਨ ਜਦਕਿ ਇਹ ਵਿਰੋਧੀ ਪਾਰਟੀ ਵਾਲੇ ਝੂਠਾ ਪ੍ਰਚਾਰ ਕਰਕੇ ਹੀ ਵੋਟਾਂ ਲੈਣ ਦੀ ਚਾਹ ਵਿੱਚ ਹਨ। ਉਨ੍ਹਾਂ ਕਿਹਾ ਕਿ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ਕਿ ਅਸੀਂ ਆਮ ਆਦਮੀ ਪਾਰਟੀ ਨੂੰ ਮਜ਼ਬੂਤ ਕਰੀਏ ਤਾਂ ਜੋ ਪੰਜਾਬ ਦਾ ਵਿਕਾਸ ਸਹੀ ਢੰਗ ਨਾਲ ਹੋ ਸਕੇ। ਕੈਬਨਿਟ ਮੰਤਰੀ ਨੇ ਕਿਹਾ ਕਿ ਬੜੀ ਦੁੱਖ ਵਾਲੀ ਗੱਲ ਹੈ ਕਿ ਕੇਂਦਰ ਵਿੱਚ ਬੈਠੀ ਭਾਜਪਾ ਸਰਕਾਰ ਨੇ ਝੂਠੇ ਦੋਸ਼ਾਂ ਤਹਿਤ ਸਾਡੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਜੇਲ ਵਿੱਚ ਬੰਦ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਮੋਦੀ ਸਰਕਾਰ ਨੂੰ ਕੇਜਰੀਵਾਲ ਤੋਂ ਡਰ ਲੱਗਦਾ ਹੈ ਕਿ ਉਹ ਕਿਤੇ ਕੇਂਦਰ ਦੀ ਸੱਤਾ ਵਿੱਚ ਨਾ ਆ ਜਾਵੇ। ਇਸ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਰਜਦਾਨ ਦੇ 50 ਤੋਂ ਵੱਧ ਪਰਿਵਾਰ ਆਪਣੇ ਸਾਥੀਆਂ ਸਮੇਤ ਰਵਾਇਤੀ ਪਾਰਟੀਆਂ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਜਿਨ੍ਹਾਂ ਦਾ ਸਵਾਗਤ ਕਰਦਿਆਂ ਈਟੀਓ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਇਨ੍ਹਾਂ ਦਾ ਪੂਰਾ ਬਣਦਾ ਮਾਣ ਸਤਿਕਾਰ ਕੀਤਾ ਜਾਵੇਗਾ। ਇਸ ਮੌਕੇ ਜਰਮਨਜੀਤ ਉਦੋਨੰਗਲ, ਬਲਜੀਤ ਸਿੰਘ ਉਦੋਨੰਗਲ, ਚੇਅਰਮੈਨ ਗੁਰਵਿੰਦਰ ਸਿੰਘ, ਗੁਰਜਿੰਦਰ ਸਿੰਘ, ਸੁਖਦੇਵ ਬੁੱਟਰ, ਲਖਵਿੰਦਰ ਉਸਮਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ।

ਰਵਾਇਤੀ ਪਾਰਟੀਆਂ ਨਾਲ ਜੁੜੇ ਪਰਵਾਰਾਂ ਨੇ 'ਆਪ' ਦਾ ਪੱਲਾ ਫੜਿਆ

ਮਜੀਠਾ (ਸੋਇਮ ਆਨੰਦ)

ਮਜੀਠਾ ਵਿਚ ਪੈਂਦੇ ਪਿੰਡ ਅਠਵਾਲ ਵਿਚ ਅੱਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਹਲਕਾ ਇੰਚਾਰਜ ਦੀ ਅਗਵਾਈ ਹੇਠ ਰਵਾਇਤੀ ਪਾਰਟੀਆਂ ਨੂੰ ਛੱਡ ਕੇ 30 ਦੇ ਕਰੀਬ ਪਰਿਵਾਰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ।ਇਸ ਮੌਕੇ ਅਮਨਪ੍ਰੀਤ ਸਿੰਘ ਬੱਬੂ ਪੰਚਾਇਤ ਮੈਂਬਰ, ਜਤਿੰਦਰ ਸਿੰਘ, ਸੇਵਾ ਸਿੰਘ, ਸੁਖਦੇਵ ਸਿੰਘ, ਕੈਪਟਨ ਸਿੰਘ, ਪਰਮਜੀਤ ਸਿੰਘ ਪੱਪੂ ਪੰਚਾਇਤ ਮੈਂਬਰ, ਸਰਦਾਰਾ ਸਿੰਘ, ਹਨੀ, ਹਰਭਜਨ ਸਿੰਘ, ਦਵਿੰਦਰ ਸਿੰਘ, ਮੁਖਤਾਰ ਸਿੰਘ, ਹਰਦਾਸ ਸਿੰਘ, ਸੋਨੂੰ ਸਿੰਘ, ਰਾਮ ਸਿੰਘ, ਰਤਨ ਸਿੰਘ, ਰਮਨਦੀਪ ਸਿੰਘ, ਸਰਦਾਰਾ ਸਿੰਘ ਅਨੂਪ ਸਿੰਘ, ਨਿਹਾਲ ਸਿੰਘ, ਸੁਰਜੀਤ ਸਿੰਘ ਸ਼ੈਲੀ ਸਿੰਘ, ਮੋਨੂੰ ਸਿੰਘ, ਹਰਦੀਪ ਸਿੰਘ ਸਰਵਨ ਸਿੰਘ, ਗੁਰਮੀਤ ਕੌਰ, ਕੁਲਦੀਪ ਕੌਰ, ਕੁਲਦੀਪ ਸਿੰਘ, ਗੁਰਮੀਤ ਕੌਰ, ਜੋਧਾ ਸਿੰਘ ਆਦਿ ਨੇ ਆਪ ਪਾਰਟੀ ਦਾ ਪੱਲਾ ਫੜਿਆ।ਇਸ ਮੌਕੇ ਜੱਗਾ ਮਜੀਠਾ ਹਲਕਾ ਇੰਚਾਰਜ ਨੇ ਕਿਹਾ ਕਿ ਭਗਵੰਤ ਮਾਨ, ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਹਰੇਕ ਵਰਗ ਦੇ ਹਿੱਤ ਵਿਚ ਵੱਡੇ ਇਤਿਹਾਸਕ ਫੈਸਲੇ ਲਏ ਗਏ ਹਨ, ਜਿਸ ਸਦਕਾ ਲੋਕ ਆਪ ਨਾਲ ਜੁੜ ਰਹੇ ਹਨ।ਇਸ ਮੌਕੇ ਆਕਾਸ਼ਦੀਪ ਸਿੰਘ ਮਜੀਠਾ, ਸਰਪੰਚ ਹਰਗੁਰਿੰਦਰ ਸਿੰਘ ਮਾਨ, ਹਨੀ ਅਜਾਇਬਵਾਲੀ, ਡਾ. ਕਸ਼ਮੀਰ ਸਿੰਘ ਪੰਧੇਰ ਆਦਿ ਸੀਨੀਅਰ ਆਗੂ ਹਾਜ਼ਰ ਸਨ।

ਲੰਬੀ ਬੀਮਾਰੀ ਦੇ ਬਾਵਜੂਦ ਕਾਮਰੇਡ ਅਨਜਾਣ ਦਾ ਇਰਾਦਾ ਬੁਲੰਦ

ਸ਼ਾਹਕੋਟ (ਗਿਆਨ ਸੈਦਪੁਰੀ)

'ਕਾਮਰੇਡ ਅਤੁਲ ਅਨਜਾਣ ਸਿਹਤ ਪੱਖੋਂ ਕਾਫੀ ਕਮਜ਼ੋਰ ਹਨ ਪਰ ਮਾਨਸਿਕ ਤੌਰ 'ਤੇ ਉਹ ਤੰਦਰੁਸਤ ਹਨ ਅਤੇ ਦੇਸ਼ ਦੀਆਂ ਸਿਆਸੀ, ਸਮਾਜੀ ਅਤੇ ਆਰਥਿਕ ਪ੍ਰਸਥਿਤੀਆ ਜਾਣਨ ਲਈ ਉਤਸਕ ਰਹਿੰਦੇ ਹਨ'। ਉਕਤ ਵਿਚਾਰਾਂ ਦਾ ਪ੍ਰਗਟਾਵਾ ਕੁਲ ਹਿੰਦ ਕਿਸਾਨ ਸਭਾ(ਅਜੇ ਭਵਨ) ਪੰਜਾਬ ਦੇ ਆਗੂ ਕਾਮਰੇਡ ਸੂਰਤ ਸਿੰਘ ਧਰਮਕੋਟ ਨੇ 'ਨਵਾਂ ਜ਼ਮਾਨਾ' ਨਾਲ ਗੱਲਬਾਤ ਕਰਦਿਆਂ ਕੀਤਾ। ਇੱਥੇ ਇਹ ਦੱਸਣਯੋਗ ਹੈ ਕਿ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਸਕੱਤਰ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ ਕਾਮਰੇਡ ਅਤੁਲ ਕੁਮਾਰ ਅਨਜਾਣ ਪਿਛਲੇ ਲੰਬੇ ਸਮੇਂ ਤੋਂ ਬਿਮਾਰ ਹਨ। ਉਹ ਲਖਨਊ ਸ਼ਹਿਰ ਦੇ ਗੋਮਤੀ ਨਗਰ ਵਿੱਚ ਸਥਿਤ ਮਿਆਓ ਹਸਪਤਾਲ ਵਿੱਚ ਜ਼ੇਰ-ਏ-ਇਲਾਜ ਹਨ।ਕਾਮਰੇਡ ਸੂਰਤ ਸਿੰਘ ਧਰਮਕੋਟ ਅਤੇ ਕਾਮਰੇਡ ਹਰਦਿਆਲ ਸਿੰਘ ਘਾਲੀ ਕਾਮਰੇਡ ਅਨਜਾਣ ਦੀ ਮਿਜ਼ਾਜ ਪੁਰਸੀ ਲਈ ਲਖਨਊ ਗਏ ਸਨ। ਉਨ੍ਹਾਂ ਦੱਸਿਆ ਕਿ ਲੰਬੀ ਬਿਮਾਰੀ ਕਾਰਨ ਉਹ ਕਾਫੀ ਕਮਜ਼ੋਰ ਦਿਸ ਰਹੇ ਹਨ। ਗੱਲਾਂਬਾਤਾਂ ਤੋਂ ਅਹਿਸਾਸ ਹੋਇਆ ਕਿ ਉਹ ਮਾਨਸਿਕ ਤੌਰ 'ਤੇ ਸੁਚੇਤ ਅਤੇ ਤੰਦਰੁਸਤ ਹਨ। ਮੁਲਕ ਦੀਆਂ ਮੌਜੂਦਾ ਪ੍ਰਸਥਿਤੀਆਂ 'ਤੇ ਨਾ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਮੰਝਧਰ ਵਿੱਚੋਂ ਕਮਿਊਨਿਸਟ ਵਿਚਾਰਧਾਰਾ ਹੀ ਪਾਰ ਉਤਾਰਾ ਕਰ ਸਕਦੀ ਹੈ। ਕਾਮਰੇਡ ਸੂਰਤ ਸਿੰਘ ਅਤੇ ਕਾਮਰੇਡ ਹਰਦਿਆਲ ਸਿੰਘ ਨੇ ਕਾਮਰੇਡ ਅਨਜਾਣ ਨਾਲ ਸਿਹਤ ਸਬੰਧੀ ਹੋਈ ਚਰਚਾ ਦੇ ਅਧਾਰ 'ਤੇ ਦੱਸਿਆ ਕਿ ਉਨ੍ਹਾਂ ਨੂੰ ਥਰੈਪੀ ਦੀ ਲੋੜ

ਮਹਿਸੂਸ ਹੋ ਰਹੀ ਹੈ ਤੇ ਉਹ ਚਾਹੁੰਦੇ ਹਨ ਕਿ ਕੇਰਲਾ ਤੋਂ ਕੋਈ ਚੰਗਾ ਥਰੈਪਿਸਟ ਉਨ੍ਹਾਂ ਨੂੰ ਮੁਹੱਈਆ ਕਰਵਾ ਦਿੱਤਾ ਜਾਵੇ।ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਸਾਥੀ ਬੰਤ ਸਿੰਘ ਬਰਾੜ ਨੇ ਵੀ ਫੋਨ 'ਤੇ ਗੱਲਬਾਤ ਕਰਕੇ ਕਾਮਰੇਡ ਅਨਜਾਣ ਪਾਸੋਂ ਉਨ੍ਹਾਂ ਦੀ ਸਿਹਤ ਦੀ ਜਾਣਕਾਰੀ ਪ੍ਰਾਪਤ ਕੀਤੀ।

ਰਾਮਗੜ੍ਹੀਆ ਸਿੱਖ ਬਰਾਦਰੀ ਨੇ ਲਾਲਜੀਤ ਸਿੰਘ ਭੁੱਲਰ ਦਾ ਪੁਤਲਾ ਫੂਕਿਆ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)

ਆਪ ਦੇ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਵੱਲੋਂ ਇੱਕ ਸਟੇਜ ਤੋਂ ਰਾਮਗੜ੍ਹੀਆ ਸਿੱਖ ਬਰਾਦਰੀ ਪ੍ਰਤੀ ਬੋਲੀ ਗਈ ਭੱਦੀ ਸ਼ਬਦਾਵਲੀ ਦੇ ਵਿਰੋਧ ਵਿਚ ਵਿਧਾਨਸਭਾ ਹਲਕਾ ਜੰਡਿਆਲਾ ਅਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਵਿੱਚ ਪੈਂਦੇ ਪਿੰਡ ਤਾਰਾਗੜ੍ਹ ਵਿਖੇ ਰਾਮਗੜ੍ਹੀਆ ਸਿੱਖ ਬਰਾਦਰੀ ਵੱਲੋਂ ਲਾਲਜੀਤ ਸਿੰਘ ਭੁੱਲਰ ਦਾ ਪੁਤਲਾ ਫੂਕਿਆ ਗਿਆ ਅਤੇ ਮੁਰਦਾਬਾਦ ਦੇ ਨਾਅਰੇ ਲਗਾਏ ਗਏ। ਇਸ ਮੌਕੇ ਗੁਰਵਿੰਦਰ ਸਿੰਘ ਧੰਜਲ ਨੇ ਕਿਹਾ ਕਿ ਇਹ ਜੋ ਅੱਜ ਦਾ ਪੁਤਲਾ ਫੂਕਣ ਦਾ ਮਕਸਦ ਕਿਸੇ ਸਿਆਸਤ ਤੋਂ ਪ੍ਰੇਰਿਤ ਨਹੀਂ ਇਹ ਸਿਰਫ਼ ਸਿਆਸਤਦਾਨਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਤੁਹਾਡੇ ਵਿੱਚ ਆ ਰਹੀਆਂ ਗਿਰਾਵਟਾਂ ਨੂੰ ਦੂਰ ਕਰਨ ਲਈ ਜਨਤਾ ਦੀ ਕਚਹਿਰੀ ਹਮੇਸ਼ਾ ਦਿਨ ਰਾਤ ਖੁੱਲੀ ਰਹਿੰਦੀ ਹੈ। ਭੁਪਿੰਦਰ ਸਿੰਘ ਨੇ ਕਿਹਾ ਕਿ ਲਾਲਜੀਤ ਸਿੰਘ ਭੁੱਲਰ ਵੱਲੋਂ ਬੋਲੀ ਗਈ ਸ਼ਬਦਾਵਲੀ ਅਤਿ ਨਿੰਦਣਯੋਗ ਹੈ ਅਤੇ ਅਸੀਂ ਦੱਸ ਦੇਣਾ ਚਾਹੁੰਦੇ ਹਾਂ ਕਿ ਰਾਮਗੜ੍ਹੀਆ ਸਿੱਖ ਬਰਾਦਰੀ ਉਹ ਬਰਾਦਰੀ ਹੈ ਜਿਸ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਏ ਨੇ ਦਿੱਲੀ ਦੀ ਇੱਟ ਨਾਲ ਇੱਟ ਖੜਕਾ ਕੇ ਦਿੱਲੀ ਫਤਿਹ ਕੀਤੀ ਅਤੇ ਔਰੰਗਜ਼ੇਬ ਜਿਸ ਤਖਤ ਤੇ ਬੈਠਦਾ ਸੀ ਉਸ ਤਖਤ ਏ ਤਾਊਸ ਨੂੰ ਪੁੱਟ ਕੇ ਅੰਮ੍ਰਿਤਸਰ ਸਾਹਿਬ ਦੀ ਪਾਵਨ ਧਰਤੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਆਂਦਾ ਸੀ ਜਿਸ ਦਾ ਅੱਜ ਵੀ ਰਾਮਗੜ੍ਹੀਆ ਬੁੰਗਾ ਬਣਿਆ ਹੋਇਆ ਹੈ। ਇਸ ਮੌਕੇ ਪ੍ਰਿਥੀਪਾਲ ਸਿੰਘ ਗੋਲਡੀ, ਸ਼ਮਸ਼ੇਰ ਸਿੰਘ ਵਿਰਦੀ, ਦਵਿੰਦਰ ਸਿੰਘ, ਵਰਿੰਦਰ ਸਿੰਘ,

ਧਰਮਪਾਲ ਸਿੰਘ, ਡਾਕਟਰ ਸੁਖਦੇਵ ਸਿੰਘ, ਕੁਲਦੀਪ ਸਿੰਘ ਨੰਬਰਦਾਰ, ਸੁਖਦੇਵ ਸਿੰਘ ਨੰਬਰਦਾਰ, ਜੋਬਨਜੀਤ ਸਿੰਘ, ਹਰਬੰਸ ਸਿੰਘ, ਕਸ਼ਮੀਰ ਸਿੰਘ, ਰਣਜੀਤ ਸਿੰਘ, ਮਿਸਤਰੀ ਸਰਵਨਜੀਤ ਸਿੰਘ, ਤਰਲੋਕ ਸਿੰਘ, ਸੁਖਦੇਵ ਸਿੰਘ ਸ਼ਾਹ, ਕਰਮਜੀਤ ਸਿੰਘ, ਹਰਪਾਲ ਸਿੰਘ, ਹਰਵਿੰਦਰ ਸਿੰਘ, ਜੋਧਾ ਸਿੰਘ, ਆਤਮਾ ਸਿੰਘ, ਚਰਨਜੀਤ ਸਿੰਘ, ਸਾਬੀ ਧੰਜਲ, ਮੋਨੀ ਧੰਜਲ, ਧਰਮ ਸਿੰਘ, ਧਰਮ ਸਿੰਘ ਕਾਲਾ, ਤਰਸੇਮ ਸਿੰਘ ਡਾਕਟਰ ਜੋਬਨਜੀਤ ਸਿੰਘ ਆਦਿ ਹਾਜ਼ਰ ਸਨ।

ਬਜਾਜ ਅਲਾਇੰਸ ਲਾਈਫ ਵੱਲੋਂ ਵਟਸਐਪ 'ਤੇ ਡਿਜੀਟਲ ਲੈਣ-ਦੇਣ ਦੀ ਸਹੂਲਤ ਪ੍ਰਦਾਨ

ਲੁਧਿਆਣਾ : ਬਜਾਜ ਅਲਾਇੰਸ ਲਾਈਫ ਇੰਸ਼ੋਰੈਂਸ ਨੇ ਮੈਟਾ ਨਾਲ ਆਪਣੀ ਭਾਈਵਾਲੀ ਰਾਹੀਂ ਵਟਸਐਪ 'ਤੇ ਪ੍ਰੀਮੀਅਮ ਭੁਗਤਾਨ ਦਾ ਵਿਕਲਪ ਪੇਸ਼ ਕੀਤਾ ਹੈ।ਇਸ ਤਰ੍ਹਾਂ ਗਾਹਕ ਆਪਣੀਆਂ ਪਾਲਿਸੀਆਂ ਅਤੇ ਉਨ੍ਹਾਂ ਦੇ ਭੁਗਤਾਨਾਂ ਨੂੰ ਇੱਕ ਥਾਂ 'ਤੇ ਪ੍ਰਬੰਧਿਤ ਕਰ ਸਕਦੇ ਹਨ।ਗਾਹਕ ਵਟਸਐਪ ਇੰਟਰਫੇਸ ਦੇ ਅੰਦਰ ਨੈੱਟ ਬੈਂਕਿੰਗ, ਕ੍ਰੈਡਿਟ ਕਾਰਡ, ਯੂਪੀਆਈ ਵਰਗੇ ਵੱਖ-ਵੱਖ ਭੁਗਤਾਨ ਮੋਡਾਂ ਰਾਹੀਂ ਆਸਾਨੀ ਨਾਲ ਆਪਣੇ ਪ੍ਰੀਮੀਅਮ ਦਾ ਭੁਗਤਾਨ ਕਰ ਸਕਦੇ ਹਨ।ਇਹ ਪਹਿਲਕਦਮੀ ਭੁਗਤਾਨ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਉਂਦੀ ਹੈ, ਵੱਖ-ਵੱਖ ਭੁਗਤਾਨ ਐਪਾਂ ਵਿਚਕਾਰ ਅਦਲਾ-ਬਦਲੀ ਕਰਨ ਦੀ ਲੋੜ ਨੂੰ ਖਤਮ ਕਰਦੀ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਪ੍ਰੀਮੀਅਮ ਭੁਗਤਾਨ ਸਿੱਧੇ ਵਟਸਐਪ ਦੇ ਅੰਦਰ ਸਹਿਜ ਅਤੇ ਕੁਸ਼ਲ ਤਰੀਕੇ ਨਾਲ ਕੀਤੇ ਜਾ ਸਕਣ।ਬਜਾਜ ਅਲਾਇੰਸ ਲਾਈਫ ਇੰਸ਼ੋਰੈਂਸ ਦੇ ਮੁੱਖ ਸੰਚਾਲਨ ਅਤੇ ਗਾਹਕ ਅਨੁਭਵ ਅਧਿਕਾਰੀ ਰਾਜੇਸ਼ ਕ੍ਰਿਸ਼ਨਨ ਨੇ ਕਿਹਾ ਕਿ ਬਜਾਜ ਅਲਾਇੰਸ ਲਾਈਫ ਵੱਲੋਂ ਗਾਹਕਾਂ ਦੀ ਭਲਾਈ ਨੂੰ ਹਮੇਸ਼ਾ ਪਹਿਲ ਦਿੱਤੀ ਜਾਂਦੀ ਹੈ ਅਤੇ ਇਸ ਦਿਸ਼ਾ ਵਿੱਚ ਅੱਗੇ ਵਧਦੇ ਹੋਏ ਅਸੀਂ ਵਟਸਐਪ 'ਤੇ ਡਿਜੀਟਲ ਲੈਣ-ਦੇਣ ਦੀ ਸਹੂਲਤ ਪ੍ਰਦਾਨ ਕੀਤੀ ਹੈ।

ਵਿਵਾਦਿਤ ਸਕੂਲਾਂ ਦੇ ਦਾਖਲਿਆਂ 'ਤੇ ਪਾਬੰਦੀ ਲਈ ਸਟੇਅ ਬਹੁਤ ਜ਼ਰੂਰੀ : ਗਿੱਲ

ਬਾਬਾ ਬਕਾਲਾ ਸਾਹਿਬ, (ਨਿਰਮਲ ਸਿੰਘ ਸੰਘਾ)

ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਨੇ ਜਾਰੀ ਕੀਤੇ ਨੋਟਿਸ 'ਚ ਜ਼ਿਲਾ ਅੰਮ੍ਰਿਤਸਰ ਦੇ ਸਮੂਹ ਬਲਾਕ ਰਈਆ ਦੇ ਨੌਂ ਸਕੂਲਾਂ ਨੂੰ ਜਾਂਚ ਦੇ ਘੇਰੇ ਹੇਠ ਲਿਆਉਣ ਲਈ ਡਾਇਰੈਕਟਰ ਸਿੱਖਿਆ ਸੈਕੰਡਰੀ ਨੂੰ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।ਮਾਪਿਆਂ ਦੇ ਬੱਚਿਆਂ ਦੇ ਹੱਕ 'ਚ ਫਤਵਾ ਦੇਣ ਵਾਲੇ ਸ਼ਿਕਾਇਤ ਕਰਤਾ ਤੇ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਸੁਪਰੀਮੋ ਸਰਦਾਰ ਸਤਨਾਮ ਸਿੰਘ ਨੇ ਅਧਿਕਾਰਕ ਤੌਰ 'ਤੇ ਪੁਸ਼ਟੀ ਕਰਦਿਆਂ ਦੱਸਿਆ ਕਿ ਘੱਟ ਗਿਣਤੀਆਂ ਲੋਕ ਭਲਾਈ ਸੰਸਥਾ (ਰਜਿ) ਦੀ ਟੀਮ ਦੁਆਰਾ ਕੀਤੀ ਪੜਤਾਲ ਦੁਆਰਾ ਬਲਾਕ ਰਈਆ ਦੇ 9 ਅਜਿਹੇ ਨਿੱਜੀ ਸਕੂਲ ਹਨ।ਜਿਨ੍ਹਾਂ ਦਾ ਨਾਮ ਉਨ੍ਹਾਂ ਸਕੂਲਾਂ ਦੀ ਸ਼੍ਰੇਣੀ 'ਚ ਦੇਖਿਆ ਗਿਆ ਹੈ ਜੋ ਵਿਭਾਗ ਹਦਾਇਤਾਂ ਅਤੇ ਸਰਕਾਰ ਦੀ ਨੀਤੀ ਦੀ ਉਲੰਘਣਾ ਦੇ ਬਾਵਜੂਦ ਵਪਾਰਿਕ ਵਿੱਦਿਅਕ ਅਦਾਰੇ ਚੰਗਾ ਪੈਸਾ ਕਮਾ ਕੇ ਸਰਕਾਰ ਨੂੰ ਵੱਡੇ ਪੱਧਰ ਤੇ ਚੂਨਾ ਲਗਾ ਰਹੇ ਹਨ।ਸ਼ਿਕਾਇਤ ਕਰਤਾ ਤੇ ਗਿੱਲ ਨੇ ਦੱਸਿਆ ਕਿ

ਬਲਾਕ ਰਈਆ ਦੇ ਸਮੁੱਚੇ ਨਿੱਜੀ ਸਕੂਲਾਂ ਤੇ ਜ਼ਿਲ੍ਹੇ ਦੇ ਸਾਰੇ ਸਕੂਲਾਂ 'ਚ ਤਫਤੀਸ਼ ਕਰਨ ਲਈ ਜਿਸ ਐੱਸਆਈਟੀ ਦੇ ਗਠਨ ਦੀ ਮੰਗ ਮੇਰੇ ਵੱਲੋਂ ਕੀਤੀ ਗਈ ਹੈ ਉਸ ਮੁਤਾਬਕ ਈਡੀ, ਵਿਜੀਲੈਂਸ, ਇਨਕਮ ਟੈਕਸ, ਮਾਲ ਵਿਭਾਗ, ਪੁਲਸ ਵਿਭਾਗ ,ਅਕਾਊਂਟ ਬ੍ਰਾਂਚ, ਪੱਤਰਕਾਰ ਆਰਟੀਆਈ, ਕਾਰਕੁੰਨ ਅਤੇ ਸਮਾਜ ਸੇਵੀ ਆਦਿ 'ਚੋਂ ਯੋਗ ਮੈਂਬਰ ਸ਼ਾਮਿਲ ਕੀਤੇ ਜਾਣ।ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਨੇ ਸਕੂਲਾਂ ਦੀ ਮਾਨਤਾ 'ਚ ਵਾਧਾ ਲੈਣ ਵੇਲੇ ਸਕੂਲਾਂ ਦੇ ਮਾਲਕ ਡੀਓਜ਼ ਨੂੰ ਪੇਸ਼ ਕੀਤੇ ਜਾਂਦੇ ਸਵੈ-ਘੋਸ਼ਣਾ ਪੱਤਰ 'ਚ ਇਹ ਕਿਵੇਂ ਹਲਫਨਾਮਾ ਦਿੰਦੇ ਆ ਰਹੇ ਹਨ ਕਿ ਸਾਡੀ ਸੰਸਥਾ ਆਰਟੀਈ ਦੀ ਇੰਨ-ਬਿੰਨ ਪਾਲਣ ਲਈ ਪਾਬੰਦ ਹਨ ਜਿਸ ਤੇ ਜ਼ਿਲ੍ਹਾ ਸਿੱਖਿਆ ਅਫਸਰ (ਸਹੀ) ਦੀ ਮੋਹਰ ਲਗਾਉਂਦੇ ਆ ਰਹੇ ਹਨ ।ਇਸ ਮੌਕੇ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਬਲਾਕ ਪ੍ਰਧਾਨ ਪ੍ਰਧਾਨ ਅੰਮ੍ਰਿਤਪਾਲ ਸਿੰਘ ਪੀਏ ਗੁਰਪ੍ਰੀਤ ਸਿੰਘ ਖਾਲਸਾ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਗੁਰਵਿੰਦਰ ਸਿੰਘ ਭੱਟੀ ਹਾਜ਼ਰ ਸਨ ।

ਜ਼ਿਲ੍ਹਾ ਪੁਲਸ ਵੱਲੋਂ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ 'ਤ

18-Apral-PAGE-4-2024.qxd 4/17/2024 10:39 PM Page 1

ਨਵਾਂ ਜ਼ਮਾਨਾ
ਵੀਰਵਾਰ, 18 ਅਪ੍ਰੈਲ 2024

ਸੰਵਿਧਾਨ ਖਤਰੇ 'ਚ

ਸੰਵਿਧਾਨ ਨੂੰ ਪੈਦਾ ਖਤਰੇ ਬਾਰੇ ਚਿੰਤਾਵਾਂ ਦਰਮਿਆਨ ਬੀਤੇ ਇਕ ਹਫਤੇ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਿੰਨ ਵਾਰ ਅਜਿਹੀ ਸੰਭਾਵਨਾ ਦਾ ਖੰਡਨ ਕਰ ਚੁੱਕੇ ਹਨ। ਰਾਹੁਲ ਗਾਂਧੀ ਵੀ ਕਹਿ ਰਹੇ ਹਨ ਕਿ ਮੋਦੀ ਵਿਚ ਏਨਾ ਦਮ ਨਹੀਂ ਕਿ ਸੰਵਿਧਾਨ ਬਦਲ ਸਕਣ। ਲਾਲੂ ਪ੍ਰਸਾਦ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਜੋ ਸੰਵਿਧਾਨ ਬਦਲਣ ਦੀ ਕੋਸ਼ਿਸ਼ ਕਰੇਗਾ, ਲੋਕ ਉਸ ਦੀ ਅੱਖ ਕੱਢ ਲੈਣਗੇ। ਤਾਂ ਕੀ ਇਹ ਮੰਨ ਲਿਆ ਜਾਵੇ ਕਿ ਸੰਵਿਧਾਨ ਨਾ ਤਾਂ ਖਤਰੇ ਵਿਚ ਹੈ ਤੇ ਨਾ ਹੀ ਅਸੁਰੱਖਿਅਤ? ਉਂਜ ਸੰਵਿਧਾਨ ਹੁਣ ਤੱਕ 127 ਵਾਰ ਸੋਧਿਆ ਜਾ ਚੁੱਕਾ ਹੈ। ਇਨ੍ਹਾਂ ਸੋਧਾਂ ਨੂੰ ਸੰਵਿਧਾਨ ਬਦਲਣਾ ਨਹੀਂ ਕਹਿ ਸਕਦੇ। ਫਿਰ ਸੰਵਿਧਾਨ ਬਦਲਿਆ ਕਿਵੇਂ ਜਾਵੇਗਾ?

ਸੰਵਿਧਾਨ ਦੀ 42ਵੀਂ ਸੋਧ ਰਾਹੀਂ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਸਮਾਜਵਾਦ, ਧਰਮ ਨਿਰਪੱਖਤਾ ਤੇ ਅਖੰਡਤਾ ਸ਼ਬਦ ਜੋੜੇ ਗਏ ਸਨ। ਭਾਜਪਾ ਆਗੂ ਅਕਸਰ ਇਨ੍ਹਾਂ ਸ਼ਬਦਾਂ ਨੂੰ ਸੰਵਿਧਾਨ ਵਿੱਚੋਂ ਹਟਾਉਣ ਦੀ ਗੱਲ ਕਰਦੇ ਆ ਰਹੇ ਹਨ। ਭਾਜਪਾ-ਆਰ ਐੱਸ ਐੱਸ ਦਾ ਇਰਾਦਾ ਧਰਮ ਨਿਰਪੱਖਤਾ ਤੇ ਸਮਾਜਵਾਦ ਵਰਗੀ ਸੋਚ ਤੋਂ ਛੁਟਕਾਰਾ ਪਾਉਣ ਦਾ ਹੈ। ਉਹ ਇਸ ਦੇ ਸਮਾਂਤਰ ਹਿੰਦੂਤਵ, ਰਾਮ ਰਾਜ, ਹਿੰਦੂ ਰਾਸ਼ਟਰ ਵਰਗੇ ਸ਼ਬਦ ਸੰਵਿਧਾਨ ਵਿਚ ਰੱਖਣਾ ਚਾਹੁੰਦੇ ਹਨ। ਇਨ੍ਹੀਂ ਦਿਨੀਂ ਜਿਹੜੀ ਬਹਿਸ ਸੰਵਿਧਾਨ ਨੂੰ ਲੈ ਕੇ ਚੱਲੀ ਹੈ, ਉਸ ਦੇ ਪਿੱਛੇ ਦੋ ਸਪੱਸ਼ਟ ਕਾਰਨ ਹਨ—ਇਕ ਭਾਜਪਾ ਸਰਕਾਰ ਦੀ ਆਪੋਜ਼ੀਸ਼ਨ ਪ੍ਰਤੀ ਅਸਹਿਣਸ਼ੀਲਤਾ ਦੀ ਨੀਤੀ ਤੇ ਦੂਜਾ ਸੰਵਿਧਾਨ ਬਦਲਣ ਦੀ ਲਲ੍ਹਕ। ਅਨੰਤ ਹੈਗੜੇ, ਜਿਓਤੀ ਮਿਰਧਾ, ਪ੍ਰੇਮ ਕੁਮਾਰ, ਲੱਲੂ ਸਿੰਘ ਤੇ ਅਰੁਣ ਗੋਇਲ ਵਰਗੇ ਆਗੂਆਂ ਨੇ ਸੰਵਿਧਾਨ ਬਦਲਣ ਦੀ ਖੁੱਲ੍ਹ ਕੇ ਵਕਾਲਤ ਕੀਤੀ ਹੈ, ਪਰ ਮੋਦੀ ਤੇ ਭਾਜਪਾ ਲੀਡਰਸ਼ਿਪ ਨੇ ਇਨ੍ਹਾਂ 'ਤੇ ਨਕੇਲ ਕੱਸਣ ਦੀ ਲੋੜ ਨਹੀਂ ਸਮਝੀ। ਭਾਜਪਾ ਨੂੰ 400 ਤੋਂ ਵੱਧ ਸੀਟਾਂ ਕਿਉਂ ਚਾਹੀਦੀਆਂ ਹਨ? ਸਰਕਾਰ ਬਣਾਉਣ ਲਈ ਤਾਂ ਪੌਣੇ ਤਿੰਨ ਸੌ ਨਾਲ ਹੀ ਸਰ ਜਾਣਾ ਹੈ। ਦਰਅਸਲ ਭਾਜਪਾ ਬਹੁਮਤ ਦੇ ਦਮ 'ਤੇ ਸੰਵਿਧਾਨ ਵਿਚ ਵੱਡੀਆਂ ਸੋਧਾਂ ਕਰਨੀਆਂ ਚਾਹੁੰਦੀ ਹੈ। ਇਹ ਸੋਧਾਂ ਲੋਕ ਸਭਾ ਤੇ ਰਾਜ ਸਭਾ ਵਿਚ ਦੋ-ਤਿਹਾਈ ਬਹੁਮਤ ਨਾਲ ਹੀ ਸੰਭਵ ਹਨ। ਰਾਜ ਸਭਾ ਵਿਚ ਭਾਜਪਾ ਕੋਲ ਆਮ ਬਹੁਮਤ ਵੀ ਨਹੀਂ। ਲੋਕ ਸਭਾ ਵਿਚ ਵੱਧ ਮੈਂਬਰਾਂ ਦੀ ਬਦੌਲਤ ਉਹ ਦੋਹਾਂ ਸਭਾਵਾਂ ਦਾ ਸਾਂਝਾ ਅਜਲਾਸ ਸੱਦ ਕੇ ਰਾਜ ਸਭਾ ਵਿਚ ਘੱਟ ਤਾਕਤ ਦੀ ਭਰਪਾਈ ਕਰ ਸਕਦੀ ਹੈ ਤੇ ਸੋਧਾਂ ਕਰ ਸਕਦੀ ਹੈ।

ਲੋਕਾਂ ਲਈ ਇਹ ਲੋਕ ਸਭਾ ਚੋਣਾਂ ਇਕ ਮੌਕਾ ਹਨ ਕਿ ਉਹ ਪਛਾਨਣ ਕਿ ਲੋਕਤੰਤਰ ਦੇ ਰਾਖੇ ਕੌਣ ਹਨ? ਦੇਸ਼ ਜਿਸ ਕਠਿਨ ਦੌਰ ਵਿੱਚੋਂ ਲੰਘ ਰਿਹਾ ਹੈ, ਉਸ ਵਿਚ ਲੋਕਾਂ ਵੱਲੋਂ ਦਿਖਾਈ ਗਈ ਲਾਪਰਵਾਹੀ ਉਨ੍ਹਾਂ ਨੂੰ ਬਹੁਤ ਮਹਿੰਗੀ ਪੈ ਸਕਦੀ ਹੈ।

ਨਿੱਜੀ ਜਾਇਦਾਦ ਦਾ ਅਧਿਕਾਰ ਤੇ ਭ੍ਰਿਸ਼ਟਾਚਾਰ ਇੱਕ-ਦੂਜੇ ਦੇ ਪੂਰਕ

ਪਵਨ ਕੁਮਾਰ ਕੌਸ਼ਲ

ਨਿੱਜੀ ਜਾਇਦਾਦ ਦਾ ਅਧਿਕਾਰ ਭ੍ਰਿਸ਼ਟਾਚਾਰ ਦੀ ਮਾਂ ਹੈ, ਜੋ ਭ੍ਰਿਸ਼ਟਾਚਾਰ ਨੂੰ ਜਨਮ ਦਿੰਦੀ ਹੈ। ਇਸ ਅਧਿਕਾਰ ਨੇ ਕਾਰਪੋਰੇਟ ਘਰਾਣਿਆਂ ਵੱਲੋਂ ਕਾਮਿਆਂ ਦੀ ਅੰਨ੍ਹੀ ਲੁੱਟ ਕਰਨ ਦਾ ਰਾਹ ਖੋਲ੍ਹਿਆ ਹੋਇਆ ਹੈ। ਭ੍ਰਿਸ਼ਟਾਚਾਰ ਤੋਂ ਰਾਹਤ ਤਦ ਹੀ ਸੰਭਵ ਹੋ ਸਕਦੀ ਹੈ, ਜੇਕਰ ਨਿੱਜੀ ਜਾਇਦਾਦ ਦਾ ਅਧਿਕਾਰ ਰੱਦ ਕਰਕੇ ਕੰਮ ਦਾ ਅਧਿਕਾਰ ਦਿੱਤਾ ਜਾਵੇ। 1991-92 ਤੋਂ ਨਿੱਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਪਹਿਲਾਂ ਕਾਂਗਰਸ ਸਰਕਾਰ ਨੇ ਕਰੜੇ ਹੋ ਕੇ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨਾ ਸ਼ੁਰੂ ਕੀਤਾ, ਅਖੀਰ 2014 ਤੋਂ ਨਰਿੰਦਰ ਦੀ ਮੋਦੀ ਅਗਵਾਈ ਵਿੱਚ ਭਾਜਪਾ ਸਰਕਾਰ ਨੇ ਇਨ੍ਹਾਂ ਨੀਤੀਆਂ ਨੂੰ ਧੜੱਲੇ ਨਾਲ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਹੋ ਭਾਰਤ ਅਤੇ ਦੇਸ਼ ਦੀ ਮਿਹਨਤਕਸ਼ ਜਨਤਾ ਦੀ ਆਰਥਕ-ਅਸਮਾਨਤਾ ਦਾ ਕਾਰਨ ਹੈ।

ਜਨਤਕ ਖੇਤਰ ਦਾ ਕੋਈ ਅਜਿਹਾ ਅਹਿਮ ਅਦਾਰਾ ਨਹੀਂ ਛੱਡਿਆ, ਜੋ ਨਿੱਜੀ ਹੱਥਾਂ ਵਿੱਚ ਨਾ ਦਿੱਤਾ ਹੋਵੇ। ਇਨ੍ਹਾਂ ਨੀਤੀਆਂ ਕਾਰਨ ਹੀ ਭ੍ਰਿਸ਼ਟਾਚਾਰ ਸਾਰੇ ਪੂੰਜੀਵਾਦੀ ਦੇਸ਼ਾਂ ਅੰਦਰ ਫੈਲ ਚੁੱਕਾ ਹੈ। ਚੰਗੀ ਸਿਹਤ ਅਤੇ ਸਿੱਖਿਆ ਦੇ ਅਧਿਕਾਰ ਦੀ ਕੋਈ ਗੱਲ ਹੀ ਨਹੀਂ ਕਰਦੇ। ਇਹ ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਹੀ ਹਨ, ਜਿਹੜੀਆਂ ਭ੍ਰਿਸ਼ਟਾਚਾਰ ਅਤੇ ਮਹਿੰਗਾਈ ਨੂੰ ਵਧਾਉਂਦੀਆਂ ਹਨ। ਅਜ਼ਾਦੀ ਤੋਂ ਬਾਅਦ 'ਰੋਟੀ ਕੱਪੜਾ ਔਰ ਮਕਾਨ' ਮਿਹਨਤਕਸ਼ ਜਨਤਾ ਦਾ ਇਹ ਨਾਹਰਾ ਹੈ, ਜੋ ਅਜੇ ਵੀ ਪੂਰਾ ਨਹੀਂ ਹੋਇਆ। ਦੇਸ਼ ਦਾ ਸੰਵਿਧਾਨ 26 ਨਵੰਬਰ 1949'ਚ ਬਣਿਆ ਅਤੇ 26 ਜਨਵਰੀ 1952 ਨੂੰ ਲਾਗੂ ਹੋਇਆ ਅਤੇ ਦੇਸ਼ ਨੂੰ ਇੱਕ ਰਿਪਬਲਿਕ ਘੋਸ਼ਿਤ ਕਰ ਦਿੱਤਾ, ਪਰ ਅਫਸੋਸ ਇਸ ਗੱਲ ਦਾ ਕਿ ਅੱਜ ਭਾਰਤ ਦੇ ਸੰਵਿਧਾਨ ਨਾਲ ਛੇੜਛਾੜ ਕੀਤੀ ਜਾ ਰਹੀ ਹੈ। ਜਾਤ-ਪਾਤ ਅਤੇ ਫਿਰਕਾਪ੍ਰਸਤੀ ਦੇਸ਼ ਉਪਰ ਭਾਰੂ ਹੁੰਦੀ ਜਾ ਰਹੀ ਹੈ। ਪੂੰਜੀਵਾਦੀ /ਪਾਰਲੀਮਾਨੀ ਜਮਹੂਰੀਅਤ ਅੰਦਰ ਕਿਸ ਕਦਰ ਚੋਣਾਂ ਹੁੰਦੀਆਂ ਹਨ, ਦੀ ਖਸਲੀਅਤ ਬਾਰੇ ਫਰੈਡਰਿਕ ਏਂਜਲਜ਼ ਨੇ ਕਾਰਲ ਮਾਰਕਸ ਦੁਆਰਾ ਰਚਿਤ 'ਸਿਵਲ ਵਾਰ ਇਨ ਫਰਾਂਸ' ਦੀ ਭੂਮਿਕਾ ਵਿੱਚ ਲਿਖਿਆ ਹੈ, 'ਫਿਰ ਵੀ ਸਾਨੂੰ ਇੱਥੇ ਰਾਜਨੀਤਕ ਸੱਟੇਬਾਜ਼ਾਂ ਦੇ ਦੋ ਵੱਡੇ ਗਰੋਹ ਮਿਲਦੇ ਹਨ, ਜੋ ਬਦਲਵੇਂ ਰੂਪ ਵਿੱਚ ਰਾਜ ਦੀ ਸੱਤਾ 'ਤੇ ਕਬਜ਼ਾ ਕਰਦੇ ਹਨ ਅਤੇ ਸਭ ਤੋਂ ਭ੍ਰਿਸ਼ਟ ਤਰੀਕਿਆਂ ਨਾਲ ਅਤੇ ਸਭ ਤੋਂ ਭ੍ਰਿਸ਼ਟ ਉਦੇਸ਼ਾਂ ਲਈ ਇਸ ਦਾ ਸ਼ੋਸ਼ਣ ਕਰਦੇ ਹਨ ਅਤੇ ਰਾਸ਼ਟਰ ਸਿਆਸਤਦਾਨਾਂ ਦੇ ਇਹਨਾਂ ਦੋ ਮਹਾਨ ਗਰੋਹਾਂ ਦੇ ਵਿਰੁੱਧ ਸ਼ਕਤੀਹੀਣ ਹੈ, ਜੋ ਜ਼ਾਹਰ ਤੌਰ 'ਤੇ ਇਸ ਦੇ ਸੇਵਕ, ਪ੍ਰੰਤੂ ਅਸਲ ਵਿਚ ਇਸ 'ਤੇ ਹਾਵੀ ਹੁੰਦੇ ਅਤੇ ਲੁੱਟਦੇ ਹਨ।' ਭ੍ਰਿਸ਼ਟਾਚਾਰ ਕਿਤੇ ਵੀ ਹੋ ਸਕਦਾ ਹੈ, ਕਿਉਂਕਿ ਭ੍ਰਿਸ਼ਟਾਚਾਰ ਪੂੰਜੀਵਾਦੀ ਵਿਵਸਥਾ ਦੀ ਬੁਨਿਆਦ ਹੁੰਦੀ ਹੈ। ਵਪਾਰ, ਸਰਕਾਰ, ਅਦਾਲਤਾਂ, ਮੀਡੀਆ ਅਤੇ ਸਿਵਲ ਸੁਸਾਇਟੀ ਦੇ ਨਾਲ-ਨਾਲ ਸਿਹਤ ਅਤੇ ਸਿੱਖਿਆ ਤੋਂ ਲੈ ਕੇ ਬੁਨਿਆਦੀ ਢਾਂਚੇ ਅਤੇ ਖੇਡਾਂ ਤੱਕ ਸਾਰੇ ਖੇਤਰਾਂ ਵਿੱਚ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ। ਸਿਆਸਤਦਾਨ, ਚੁਣੇ ਹੋਏ ਨੁਮਾਇੰਦੇ, ਸਰਕਾਰੀ ਅਧਿਕਾਰੀ, ਜਨਤਕ ਸੇਵਕ, ਕਾਰੋਬਾਰੀ ਲੋਕ ਜਾਂ ਜਨਤਾ ਦੇ ਮੈਂਬਰ ਭ੍ਰਿਸ਼ਟਾਚਾਰ ਤੋਂ ਮੁਕਤ ਨਹੀਂ ਹਨ। ਭ੍ਰਿਸ਼ਟਾਚਾਰ ਪਰਛਾਵੇਂ ਵਿੱਚ ਹੁੰਦਾ ਹੈ, ਅਕਸਰ ਪੇਸ਼ੇਵਰ ਸਮਰਥਕਾਂ, ਜਿਵੇਂ ਕਿ ਬੈਂਕਰਾਂ, ਵਕੀਲਾਂ, ਲੇਖਾਕਾਰਾਂ ਅਤੇ ਰੀਅਲ ਅਸਟੇਟ ਏਜੰਟਾਂ, ਅਪਾਰਦਰਸ਼ੀ ਵਿੱਤੀ ਪ੍ਰਣਾਲੀਆਂ ਅਤੇ ਬੇਨਾਮ ਸ਼ੈੱਲ ਕੰਪਨੀਆਂ ਦੀ ਮਦਦ ਨਾਲ ਜੋ ਭ੍ਰਿਸ਼ਟਾਚਾਰ ਦੀਆਂ ਯੋਜਨਾਵਾਂ ਨੂੰ ਵਧਣ-ਫੁੱਲਣ ਦੀ ਇਜਾਜ਼ਤ ਦਿੰਦੇ ਹਨ ਅਤੇ ਭ੍ਰਿਸ਼ਟਾਚਾਰੀਆਂ ਨੂੰ ਆਪਣੀ ਨਾਜਾਇਜ਼ ਦੌਲਤ ਨੂੰ ਛੁਪਾਉਣ ਲਈ ਚੋਰਮੋਰੀਆਂ ਦੱਸਦੇ ਹਨ।

ਮੈਕਸੀਕੋ ਵਿੱਚ ਤੁਸੀਂ ਰਾਸ਼ਟਰਪਤੀ ਦੇ ਦਫਤਰ ਤੋਂ ਲੈ ਕੇ ਰਾਜ ਦੇ ਗਵਰਨਰਾਂ ਅਤੇ ਹੋਰ ਕਾਰਜਕਰਤਾਵਾਂ ਤੱਕ ਭਗੌੜੇ ਜਾਂ ਜੇਲ੍ਹ ਵਿੱਚ ਬੈਠੇ ਸਾਰੀਆਂ ਮੁੱਖ ਰਾਜਨੀਤਕ ਪਾਰਟੀਆਂ ਨਾਲ ਸੰਬੰਧਤ ਦੋਸ਼ੀ ਵਿਅਕਤੀ ਲੱਭੋਗੇ। ਭਾਰਤ ਦਾ ਵੀ ਇਹੋ ਹਾਲ ਹੈ। ਬੈਂਕਾਂ ਤੋਂ ਕਰੋੜਾਂ ਰੁਪਏ ਦੇ ਲੋਨ ਲੈ ਕੇ ਭਾਜਪਾ ਸਰਕਾਰ ਬਣਨ ਤੋਂ ਬਾਅਦ ਸਾਰੇ ਬਾਹਰਲੇ ਦੇਸ਼ਾਂ ਨੂੰ ਭੱਜ ਗਏ। ਨਾ ਉਹ ਆਪ ਆਏ ਅਤੇ ਨਾ ਹੀ ਭਾਰਤ ਸਰਕਾਰ ਉਨ੍ਹਾਂ ਨੂੰ ਵਾਪਸ ਲਿਆ ਸਕੀ। ਭ੍ਰਿਸ਼ਟਾਚਾਰ ਪੂੰਜੀਵਾਦ ਦੀ ਕੁਦਰਤੀ ਪੈਦਾਵਾਰ ਹੈ। ਇਹ ਇੱਕ ਅਜਿਹੀ ਪ੍ਰਣਾਲੀ ਹੈ, ਜਿਸ ਦੇ ਅਧੀਨ ਭ੍ਰਿਸ਼ਟਾਚਾਰ ਵਧਦਾ ਅਤੇ ਵਿਕਸਤ ਹੁੰਦਾ ਹੈ, ਜਿਸ ਨੇ ਪੈਸੇ ਦੀ ਪ੍ਰਾਪਤੀ ਨੂੰ ਆਪਣੇ ਦੇਵਤੇ ਵਿੱਚ ਬਦਲ ਦਿੱਤਾ ਹੈ। ਹਰ ਚੀਜ਼ ਦੀ ਇਜਾਜ਼ਤ ਹੈ ਅਤੇ ਇੱਥੋਂ ਤੱਕ ਕਿ ਪ੍ਰਸੰਸਾ ਵੀ ਕੀਤੀ ਜਾਂਦੀ ਹੈ। ਇਹ ਦੌਲਤ ਦਾ ਭੰਡਾਰ ਪੈਦਾ ਕਰਦੀ ਹੈ, ਕਿਉਂਕਿ ਪੂੰਜੀਵਾਦੀ ਆਰਥਿਕਤਾ ਵਿੱਚ ਵਸਤੂਆਂ ਦਾ ਉਤਪਾਦਨ ਮਨੁੱਖੀ ਲੋੜਾਂ ਨੂੰ ਪੂਰਾ ਕਰਨ ਲਈ ਨਹੀਂ, ਸਗੋਂ ਮੁਨਾਫਾ ਪ੍ਰਾਪਤ ਕਰਨ ਲਈ ਕੀਤਾ ਜਾਂਦਾ ਹੈ। ਮਾਰਕਸਵਾਦ ਦੇ ਅਨੁਸਾਰ ਪੂੰਜੀਪਤੀਆਂ ਦੇ ਵੱਖ-ਵੱਖ ਸਮੂਹ ਰਾਜ ਪ੍ਰਬੰਧ ਦੇ ਕੰਟਰੋਲ ਲਈ ਆਪਸ ਵਿੱਚ ਲੜਦੇ ਹਨ ਅਤੇ ਉਸ ਲੜਾਈ ਨੂੰ ਜਿੱਤਣ ਤੋਂ ਬਾਅਦ ਲੁੱਟ ਨੂੰ ਆਪਣਾ ਹੱਕ ਸਮਝਦੇ ਹਨ। ਭ੍ਰਿਸ਼ਟਾਚਾਰ ਸਿਸਟਮ ਦਾ ਅਜਿਹਾ ਅੰਦਰੂਨੀ ਹਿੱਸਾ ਹੈ, ਜਿਥੇ ਕਾਰਪੋਰੇਟ ਟੈਕਸ ਅਦਾ ਕਰਨ ਤੋਂ ਬਚਣਾ ਆਮ ਅਤੇ ਅਟੱਲ ਸਮਝਿਆ ਜਾਂਦਾ ਹੈ, ਇੱਕ ਜਾਇਜ਼, ਛੁਟਕਾਰਾ ਪਾਉਣ ਵਾਲੀ ਕਲਾ। ਇਸ ਦੀ ਇੱਕ ਸ਼ਾਨਦਾਰ ਉਦਾਹਰਨ ਦਾ ਇਹ ਤੱਥ ਹੈ ਕਿ ਅੰਦਰੂਨੀ ਮਾਲ ਸੇਵਾ ਨੇ ਅਤੀਤ ਵਿੱਚ ਕੰਪਨੀਆਂ ਨੂੰ ਕਾਨੂੰਨੀ ਕਾਰੋਬਾਰੀ ਖਰਚਿਆਂ ਵਜੋਂ ਵਿਦੇਸ਼ੀ ਏਜੰਟਾਂ ਨੂੰ ਰਿਸ਼ਵਤ ਦੀ ਕਟੌਤੀ ਕਰਨ ਦੀ ਇਜਾਜ਼ਤ ਦਿੱਤੀ ਹੈ।

ਬੁਰਜੂਆ ਰਾਜ ਪ੍ਰਬੰਧ ਦਾ ਵਿਨਾਸ਼ ਅਤੇ ਮਜ਼ਦੂਰਾਂ ਦੁਆਰਾ ਨਿਯੰਤਰਿਤ ਇੱਕ ਨਵੇਂ ਲੁੱਟ-ਖਸੁੱਟ ਰਹਿਤ ਸਮਾਜ ਦੀ ਸਿਰਜਣਾ ਕਰਨਾ ਹੈ। ਦੇਸ਼ ਇਤਿਹਾਸਕ ਤੌਰ 'ਤੇ ਰਾਜਨੀਤਕ ਭ੍ਰਿਸ਼ਟਾਚਾਰ ਦੇ ਕੇਂਦਰਾਂ ਵਿੱਚੋਂ ਇੱਕ ਹੈ ਅਤੇ ਅੱਜ ਵਿਸ਼ਵ-ਵਿਆਪੀ ਭ੍ਰਿਸ਼ਟਾਚਾਰ ਵਿੱਚ ਇੱਕ ਪ੍ਰਮੁੱਖ ਸਹਿਮਤੀ ਹੈ। ਬਰਤਾਨੀਆ ਨੂੰ ਭ੍ਰਿਸ਼ਟਾਚਾਰ ਦਾ ਦਾਦਾ ਕਿਹਾ ਜਾਂਦਾ ਹੈ। ਬਰਤਾਨੀਆ ਵਿੱਚ ਉਦਯੋਗਿਕ ਕ੍ਰਾਂਤੀ ਨੇ ਵਿੱਤ, ਬੀਮਾ ਅਤੇ ਕਾਨੂੰਨੀ ਪੇਸ਼ਿਆਂ ਦਾ ਇੱਕ ਨਵਾਂ ਨੈੱਟਵਰਕ ਲੈ ਆਂਦਾ, ਜਿਸ ਨਾਲ ਬੈਂਕ ਧੋਖਾਧੜੀ, ਕਰੈਡਿਟ ਧੋਖਾਧੜੀ ਅਤੇ ਸਟਾਕ ਧੋਖਾਧੜੀ ਵਰਗੀਆਂ ਭ੍ਰਿਸ਼ਟ ਪ੍ਰਥਾਵਾਂ ਵੀ ਆਈਆਂ। ਬ੍ਰਿਟੇਨ ਨੇ ਸਫਲਤਾਪੂਰਵਕ ਆਪਣੇ ਭ੍ਰਿਸ਼ਟਾਚਾਰ ਦੇ ਸੱਭਿਆਚਾਰ ਨੂੰ ਬਸਤੀਵਾਦੀ ਸ਼ਾਸਨ ਵਿੱਚ ਨਿਰਯਾਤ ਕੀਤਾ, ਆਪਣੇ-ਆਪ ਨੂੰ ਸਥਾਨਕ ਭ੍ਰਿਸ਼ਟਾਚਾਰ ਵਿੱਚ ਪ੍ਰਦਰਸ਼ਤ ਕੀਤਾ, ਜਿਸ ਵਿੱਚ ਬ੍ਰਿਟਿਸ਼ ਬਸਤੀਵਾਦੀ ਮਾਸਟਰ ਸਨ। ਈਸਟ ਇੰਡੀਆ ਕੰਪਨੀ ਨੇ ਬਹੁ-ਰਾਸ਼ਟਰੀ ਕੰਪਨੀਆਂ ਦੀਆਂ ਭ੍ਰਿਸ਼ਟ ਗਤੀਵਿਧੀਆਂ ਲਈ ਇੱਕ ਨਮੂਨਾ ਪ੍ਰਦਾਨ ਕੀਤਾ, ਕਿਉਂਕਿ ਉਹਨਾਂ ਨੇ ਆਧੁਨਿਕ ਭਾਰਤ ਅਤੇ ਪਾਕਿਸਤਾਨ ਵਿੱਚ ਵੱਧ ਤੋਂ ਵੱਧ ਹਮਲਾ ਕੀਤਾ, ਆਪਣੀ ਨਿੱਜੀ ਸੁਰੱਖਿਆ ਫੋਰਸ ਦੀ ਹਿੰਸਾ ਦੇ ਨਾਲ-ਨਾਲ ਜਾਅਲਸਾਜ਼ੀ ਅਤੇ ਰਿਸ਼ਵਤ ਦੇ ਭ੍ਰਿਸ਼ਟ ਅਭਿਆਸਾਂ ਦੀ ਵਿਆਪਕ ਵਰਤੋਂ ਕੀਤੀ।

ਭ੍ਰਿਸ਼ਟਾਚਾਰ ਇੱਕ ਅਜਿਹਾ ਸਾਧਨ ਹੈ, ਜਿਸ ਰਾਹੀਂ ਹਾਕਮ ਜਮਾਤ ਆਪਣੀ ਹਕੂਮਤ ਦਾ ਰਾਜ ਲੰਮਾ ਕਰਨ ਲਈ ਆਪਣਾ ਰਾਹ ਲੱਭਦੀ ਹੈ, ਭਾਵੇਂ ਕਿ ਨਾਗਰਿਕਾਂ ਨੂੰ ਕੁਝ ਸ਼ਕਤੀ ਦੇਣ ਲਈ ਕੋਈ ਜਮਹੂਰੀ ਜਾਂ ਨੌਕਰਸ਼ਾਹੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੋਵੇ; ਇਹ ਇੱਕ ਅਜਿਹਾ ਸਾਧਨ ਹੈ, ਜਿਸ ਦੁਆਰਾ ਉਹ ਸਾਬਤ ਕਰਦੇ ਹਨ ਕਿ ਉਹ ਦੂਜਿਆਂ 'ਤੇ ਲਾਗੂ ਹੋਣ ਵਾਲੇ ਨਿਯਮਾਂ ਤੋਂ ਉੱਪਰ ਹਨ।

ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਹੰਗਰੀ ਨੂੰ ਯੂਰਪੀਅਨ ਯੂਨੀਅਨ ਵਿੱਚ ਸਭ ਤੋਂ ਭ੍ਰਿਸ਼ਟ ਦੇਸ਼ ਵਜੋਂ ਦੇਖਿਆ ਜਾਂਦਾ ਹੈ। ਟਰਾਂਸਪੇਰੈਂਸੀ ਇੰਟਰਨੈਸ਼ਨਲ ਦੀ ਤਾਜ਼ਾ ਰਿਪੋਰਟ ਦੇ ਅਨੁਸਾਰ ਹੰਗਰੀ ਨੂੰ ਯੂਰਪੀਨ ਯੂਨੀਅਨ ਵਿੱਚ ਸਭ ਤੋਂ ਭੈੜਾ ਜਨਤਕ ਖੇਤਰ ਦਾ ਭ੍ਰਿਸ਼ਟਾਚਾਰ ਰਿਕਾਰਡ ਮੰਨਿਆ ਜਾਂਦਾ ਹੈ। ਭ੍ਰਿਸ਼ਟਾਚਾਰ ਰਿਸ਼ਵਤਖੋਰੀ ਦਾ ਇੱਕ ਅਜਿਹਾ ਕਾਰਜ ਹੈ, ਜਿਸ ਵਿੱਚ ਸੇਵਾਵਾਂ ਅਤੇ ਸਵੀਕ੍ਰਿਤੀ ਦੇ ਰੂਪ ਵਿੱਚ ਕੁਝ ਲਾਭ ਦੇ ਬਦਲੇ ਤੋਹਫੇ ਅਤੇ ਪੱਖ ਲੈਣਾ ਸ਼ਾਮਲ ਹੁੰਦਾ ਹੈ। ਸੌਖੇ ਸ਼ਬਦਾਂ ਵਿੱਚ ਭ੍ਰਿਸ਼ਟਾਚਾਰ ਦਾ ਮਤਲਬ ਹੈ ਨਿੱਜੀ ਅਤੇ ਵਿੱਤੀ ਲਾਭ ਲਈ ਸੱਤਾ ਅਤੇ ਕਿਸੇ ਵੀ ਅਹੁਦੇ ਦੀ ਦੁਰਵਰਤੋਂ। ਭ੍ਰਿਸ਼ਟਾਚਾਰ ਰਿਸ਼ਵਤਖੋਰੀ ਦਾ ਇੱਕ ਅਜਿਹਾ ਕੰਮ ਹੈ, ਜਿਸ ਵਿੱਚ ਸੇਵਾਵਾਂ ਅਤੇ ਸਵੀਕ੍ਰਿਤੀ ਦੇ ਰੂਪ ਵਿੱਚ ਕੁਝ ਲਾਭ ਦੇ ਬਦਲੇ ਤੋਹਫ਼ੇ ਅਤੇ ਪੱਖ ਲੈਣਾ ਸ਼ਾਮਲ ਹੁੰਦਾ ਹੈ। ਪਿਛਲੇ ਸਾਲ ਸਤੰਬਰ ਵਿੱਚ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਸੰਸਦ ਨੂੰ ਦੱਸਿਆ ਸੀ ਕਿ ਪਿਛਲੇ ਪੰਜ ਸਾਲਾਂ ਵਿੱਚ ਨੀਰਵ ਮੋਦੀ, ਵਿਜੇ ਮਾਲਿਆ, ਮੇਹੁਲ ਚੋਕਸੀ ਸਮੇਤ ਕੁੱਲ 38 ਆਰਥਕ ਅਪਰਾਧੀ ਦੇਸ਼ ਛੱਡ ਕੇ ਭੱਜ ਗਏ ਹਨ। ਵਿਜੇ ਮਾਲਿਆ 7,505 ਕਰੋੜ ਰੁਪਏ, ਮੇਹੁਲ ਚੋਕਸੀ 7,080 ਕਰੋੜ ਰੁਪਏ, ਜਤਿਨ ਮੇਥਾ 6,580 ਕਰੋੜ ਰੁਪਏ, ਕਰਜ਼ੇ ਦੱਬੀ ਬੈਠੇ ਹਨ। ਨੀਰਵ ਮੋਦੀ 6,498 ਕਰੋੜ ਰੁਪਏ, ਨਿਤਿਨ ਸੰਦੇਸਰਾ ਅਤੇ ਚੇਤਨ ਸੰਦੇਸਰਾ 5,383 ਕਰੋੜ ਰੁਪਏ, ਉਮੇਸ਼ ਪਾਰੇਖ, ਕਮਲੇਸ਼ ਪਾਰੇਖ ਅਤੇ ਨੀਲੇਸ਼ ਪਾਰੇਖ 2,672 ਕਰੋੜ ਰੁਪਏ, ਲਲਿਤ ਮੋਦੀ 1,700 ਕਰੋੜ ਰੁਪਏ, ਰਿਤੇਸ਼ ਜੈਨ 1,421, ਰਾਜੀਵ ਗੋਇਲ ਅਤੇ ਅਲਕਾ ਗੋਇਲ 778 ਕਰੋੜ ਰੁਪਏ, ਆਸ਼ੀਸ਼ ਜੋਬਨਪੁਤਰਾ 770 ਕਰੋੜ ਰੁਪਏ, ਅਤੇ ਹੋਰ। ਭ੍ਰਿਸ਼ਟਾਚਾਰ ਦੀ ਬਦੌਲਤ ਮੱਧ ਪ੍ਰਦੇ

18-APRIL-PAGE-5.qxd 4/17/2024 10:35 PM Page 1

ਕਰਮਜੀਤ ਅਨਮੋਲ ਦੀ ਚੋਣ ਮੁਹਿਮ ਨੂੰ ਮਿਲਿਆ ਹੁੰਗਾਰਾ, ਬੀਨੂੰ ਢਿੱਲੋਂ ਨੇ ਕੀਤਾ ਪ੍ਰਚਾਰ

ਰਾਮਪੁਰਾ ਫੂਲ (ਦਰਸ਼ਨ ਜਿੰਦਲ) ਫ਼ਰੀਦਕੋਟ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਦੀ ਚੋਣ ਮੁਹਿਮ ਨੂੰ ਉਸ ਸਮੇਂ ਜ਼ਬਰਦਸਤ ਹੁਲਾਰਾ ਮਿਲਿਆ, ਜਦੋਂ ਪੰਜਾਬੀ ਫਿਲਮਾਂ ਦੇ ਸੁਪਰ-ਸਟਾਰ ਬਿਨੂੰ ਢਿੱਲੋਂ ਰਾਮਪੁਰਾ ਫੂਲ ਦੇ ਪਿੰਡ ਢਪਾਲੀ ਤੋਂ ਆਪਣੇ ਮਿੱਤਰ ਕਰਮਜੀਤ ਅਨਮੋਲ ਲਈ ਚੋਣ ਪ੍ਰਚਾਰ ਵਿਚ ਜੁਟ ਗਏ।ਇਸ ਮੌਕੇ ਉਨ੍ਹਾਂ ਨਾਲ ਰਾਮਪੁਰਾ ਫੂਲ ਹਲਕੇ ਤੋਂ ਵਿਧਾਇਕ ਬਲਕਾਰ ਸਿੰਘ ਸਿੱਧੂ, ਦਿਹਾਤੀ ਜ਼ਿਲ੍ਹਾ ਪ੍ਰਧਾਨ ਤੇ ਬਠਿੰਡਾ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਤਿੰਦਰ ਸਿੰਘ ਭੱਲਾ, ਜ਼ਿਲ੍ਹਾ ਯੋਜਨਾ ਬੋਰਡ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਸੁੱਖਜਿੰਦਰ ਸਿੰਘ ਕਾਉਣੀ ਮੌਜੂਦ ਰਹੇ।

ਫ਼ਰੀਦਕੋਟ ਹਲਕੇ ਵਿੱਚ ਪੈਂਦੇ ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਫੂਲ ਹਲਕੇ ਦੇ ਪਿੰਡ ਮਲੂਕਾ, ਸਿਰੀਏਵਾਲਾ, ਦਿਆਲਪੁਰਾ ਮਿਰਜਾ, ਜਲਾਲ, ਆਦਮਪੁਰਾ, ਢਪਾਲੀ, ਧਿੰਗੜ, ਮਹਿਰਾਜ, ਰਾਮਪੁਰਾ ਫੂਲ ਵਿਖੇ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਰਮਜੀਤ ਅਨਮੋਲ ਨੇ ਕਿਹਾ ਕਿ ਕੇਂਦਰ ਨੇ ਪੰਜਾਬ ਨਾਲ ਹਮੇਸ਼ਾ ਵਿਤਕਰਾ ਕੀਤਾ ਹੈ ਤੇ ਇਸ ਵੇਲੇ ਸੱਤਾ ਉੱਤੇ ਕਾਬਜ਼ ਬੀਜੇਪੀ ਸਰਕਾਰ ਨੇ ਪੰਜਾਬ ਦੇ 8 ਹਜ਼ਾਰ ਕਰੋੜ ਦੇ ਪੇਂਡੂ ਵਿਕਾਸ ਫੰਡ ਰੋਕੇ ਹੋਏ ਹਨ।

ਉਨ੍ਹਾਂ ਕਿਹਾ ਕਿ ਕੇਂਦਰ ਦੀ ਸਰਕਾਰ ਅਸਲ ਵਿੱਚ ਸੂਬੇ ਦੇ ਕਿਸਾਨਾਂ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਖਿਲਾਫ਼ ਸਿਆਸੀ ਕਿੜਾਂ ਕੱਢ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਜਾਣਦੇ ਹਨ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਹਿਲੇ ਦੋ ਸਾਲਾਂ ਵਿੱਚ ਸੂਬਾ ਵਾਸੀਆਂ ਨੂੰ ਮੁਫ਼ਤ ਬਿਜਲੀ, ਮੁਹੱਲਾ ਕਲੀਨਿਕਾਂ ਤੇ ਮਿਆਰੀ ਵਿਦਿਆ ਰਾਹੀਂ ਵੱਡੀ ਰਾਹਤ ਦਿੱਤੀ ਹੈ।ਪਹਿਲੀ ਵਾਰ ਸੂਬੇ ਦੇ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ ਉੱਤੇ 45 ਹਜ਼ਾਰ ਤੋਂ ਵੱਧ ਨੌਕਰੀਆਂ ਦਿੱਤੀਆਂ ਗਈਆਂ ਹਨ।

ਕਰਮਜੀਤ ਅਨਮੋਲ ਨੇ ਦਿਆਲਪੁਰਾ ਮਿਰਜ਼ਾ ਪਿੰਡ ਵਿੱਚ ਕੋਈ ਦੋ ਦਰਜਨ ਪਰਵਾਰਾਂ ਵੱਲੋਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਉੱਤੇ ਉਨ੍ਹਾਂ ਦਾ ਸਵਾਗਤ ਵੀ ਕੀਤਾ।

ਬੀਨੂੰ ਢਿੱਲੋਂ ਨੇ ਕਿਹਾ ਕਿ ਕਰਮਜੀਤ ਅਨਮੋਲ ਇਕ ਅਜਿਹਾ ਇਨਸਾਨ ਹੈ ਜੋ ਇਮਾਨਦਾਰ, ਮਿਹਨਤੀ ਅਤੇ ਜਮੀਨ ਨਾਲ ਜੁੜਿਆ ਹੋਇਆ ਹੈ।ਢਿੱਲੋਂ ਨੇ ਲੋਕਾਂ ਨੂੰ ਕਿਹਾ ਕਿ ਤੁਸੀਂ ਕਿਸੇ ਵੀ ਸਮੇਂ ਜ਼ਰੂਰਤ ਪੈਣ ਉੱਤੇ ਕਰਮਜੀਤ ਅਨਮੋਲ ਦੀ ਬਾਂਹ ਫੜ ਕੇ ਆਪਣਾ ਕੰਮ ਕਰਾ ਸਕਦੇ ਹੋਏ।ਉਨ੍ਹਾਂ ਕਿਹਾ ਕਿ ਅਨਮੋਲ ਆਪਣੀ ਜ਼ੁਬਾਨ ਦਾ ਪੱਕਾ ਤੇ ਸੱਚਮੁੱਚ ਹੀਰਾ ਇਨਸਾਨ ਹੈ।ਉਸ ਨੇ ਚੋਣਾਂ ਵਿੱਚ ਜੋ ਵੀ ਵਾਅਦੇ ਤੁਹਾਡੇ ਨਾਲ ਕੀਤੇ ਹਨ, ਉਹ ਜ਼ਰੂਰ ਪੂਰੇ ਕਰੇਗਾ।

ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਇਨ੍ਹਾਂ ਚੋਣ ਜਲਸਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਦਿੱਤੀਆਂ ਗਰੰਟੀਆਂ ਇੱਕ-ਇੱਕ ਕਰਕੇ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਦੇਸ਼ ਦੀ ਰਾਖੀ ਲਈ ਜਾਨਾਂ ਕੁਰਬਾਨ ਕਰਨ ਵਾਲੇ ਪੰਜਾਬੀ ਸੂਰਬੀਰ ਸ਼ਹੀਦਾਂ ਦੇ ਪਰਵਾਰਾਂ ਨੂੰ ਇੱਕ-ਇੱਕ ਕਰੋੜ ਰੁਪਏ ਦੀ ਮਾਲੀ ਸਹਾਇਤਾ ਤੇ ਪਰਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾ ਰਹੀ ਹੈ।ਇਹ ਵੀ ਦੇਸ਼ ਵਿੱਚ ਪਹਿਲੀ ਵਾਰ ਹੋਇਆ ਹੈ, ਜਦ ਮੁੱਖ ਮੰਤਰੀ ਖੁਦ ਸ਼ਹੀਦ ਪਰਵਾਰ ਦੇ ਘਰ ਜਾ ਕੇ ਸਹਾਇਤਾ ਰਾਸ਼ੀ ਸੌਂਪ ਕੇ ਪਰਵਾਰ ਦਾ ਦੁੱਖ ਹਲਕਾ ਕਰਦੇ ਹਨ।

ਚੇਅਰਮੈਨ ਜਤਿੰਦਰ ਸਿੰਘ ਭੱਲਾ ਨੇ ਕਿਹਾ ਕਿ ਸਾਡੇ ਹਲਕੇ ਲਈ ਇਹ ਖੁਸ਼ਕਿਸਮਤੀ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕਰਮਜੀਤ ਅਨਮੋਲ ਨੂੰ ਇੱਥੇ ਦੀ ਨੁਮਾਇੰਦਗੀ ਕਰਨ ਲਈ ਭੇਜਿਆ ਹੈ। ਉਨ੍ਹਾਂ ਕਿਹਾ ਕਿ ਕਰਮਜੀਤ ਅਨਮੋਲ ਨੂੰ ਦੁਨੀਆਂ ਭਰ ਦੇ ਲੋਕ ਖਾਸ ਕਰਕੇ ਪੰਜਾਬੀ ਇੱਕ ਸਾਫ਼-ਸੁਥਰੇ ਗਾਇਕ ਅਤੇ ਕਲਾਕਾਰ ਵਜੋਂ ਜਾਣਦੇ ਹਨ ਤੇ ਫ਼ਰੀਦਕੋਟ ਹਲਕੇ ਦੀ ਸੇਵਾ ਇਨ੍ਹਾਂ ਦੇ ਹਿੱਸੇ ਆਉਣਾ ਆਪਣੇ ਆਪ ਵਿੱਚ ਸਾਡੇ ਲਈ ਸਭ ਤੋਂ ਵੱਡਾ ਤੋਹਫ਼ਾ ਹੈ।ਉਨ੍ਹਾਂ ਕਿਹਾ ਕਿ ਵੋਟਾਂ ਵਾਲੇ ਦਿਨ ਸਾਰੇ ਵੋਟਰ ਭਰਾਵਾਂ ਨੇ ਕਰਮਜੀਤ ਅਨਮੋਲ ਨੂੰ ਵੋਟ ਦੇ ਕੇ ਸਭ ਤੋਂ ਵੱਧ ਰਿਕਾਰਡ ਵੋਟਾਂ ਨਾਲ ਜਿਤਾ ਕੇ ਭੇਜਣਾ ਹੈ ਤਾਂ ਜੁ ਸਾਡਾ ਵੀ ਨਾਂਅ ਉੱਚਾ ਹੋਵੇ।

ਐੱਸ ਡੀ ਐੱਮ ਨੇ ਸਕੂਲੀ ਬੱਸਾਂ ਦੀ ਕੀਤੀ ਚੈਕਿੰਗ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਸ੍ਰੀਮਤੀ ਰਿਚਾ ਗੋਇਲ, ਉਪ ਮੰਡਲ ਮੈਜਿਸਟ੍ਰੇਟ ਵੱਲੋਂ ਮਾਨਯੋਗ ਮੁੱਖ ਸਕੱਤਰ ਪੰਜਾਬ ਅਤੇ ਮਾਨਯੋਗ ਡਿਪਟੀ ਕਮਿਸ਼ਨਰ, ਪਟਿਆਲਾ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਸਕੂਲੀ ਬੱਸਾਂ ਵਿੱਚ ਸਫ਼ਰ ਕਰਦੇ ਬੱਚਿਆਂ ਦੇ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਨਾਉਣ ਲਈ ਤਹਿਸੀਲ ਸਮਾਣਾ ਅਧੀਨ ਪੈਂਦੇ ਸਕੂਲਾਂ ਦੀਆਂ ਬੱਸਾਂ ਦੀ ਚੈਕਿੰਗ ਕੀਤੀ ਗਈ।

ਚੈਕਿੰਗ ਦੌਰਾਨ ਉਨ੍ਹਾਂ ਵੱਲੋਂ ਸਕੂਲ ਬੱਸਾਂ ਦੀ ਪਾਸਿੰਗ, ਸਕੂਲ ਬੱਸਾਂ ਵਿੱਚ ਬੱਚਿਆਂ ਦੇ ਬੈਠਣ ਦੀ ਸੀਟਿੰਗ ਕਪੈਸਟੀ, ਡਰਾਇਵਰ ਦਾ ਵੈਲਿਡ ਲਾਇਸੰਸ, ਫਸਟ ਏਡ ਬਾਕਸ, ਐਮਰਜੈਂਸੀ ਵਿੰਡੋ, ਸੀ.ਸੀ.ਟੀ.ਵੀ ਕੈਮਰਾ, ਕੰਡੈਕਟਰ/ਹੈਲਪਰ ਆਦਿ ਦੀ ਚੈਕਿੰਗ ਕੀਤੀ ਗਈ।ਇਨ੍ਹਾਂ ਵੱਲੋਂ ਤਕਰੀਬਨ 15 ਬੱਸਾਂ ਦੀ ਚੈਕਿੰਗ ਕੀਤੀ ਗਈ ਤੇ ਚੈਕਿੰਗ ਦੌਰਾਨ ਜਿਨ੍ਹਾਂ ਬੱਸਾਂ ਵਿੱਚ ਕਮੀਆਂ ਪਾਈਆਂ ਗਈਆਂ, ਉਨ੍ਹਾਂ ਦਾ ਮੌਕੇ 'ਤੇ ਚਲਾਨ ਕੀਤਾ ਗਿਆ।

ਇਸ ਤੋਂ ਇਲਾਵਾ ਸ੍ਰੀਮਤੀ ਰਿਚਾ ਗੋਇਲ, ਉਪ ਮੰਡਲ ਮੈਜਿਸਟ੍ਰੇਟ ਵੱਲੋਂ ਸਾਰੇ ਸਕੂਲਾਂ ਨੂੰ ਇਹ ਹਦਾਇਤ ਕੀਤੀ ਗਈ ਕਿ ਉਨ੍ਹਾਂ ਵੱਲੋਂ ਚਲਾਈਆਂ ਜਾ ਰਹੀਆਂ ਬੱਸਾਂ ਜਾਂ ਹਾਇਰ ਕੀਤੀਆਂ ਗਈਆਂ ਬੱਸਾਂ ਵਿੱਚ ਸਰਕਾਰ ਦੀ ਸੇਫ ਸਕੂਲ ਵਾਹਨ ਸਕੀਮ ਅਧੀਨ ਨਿਯਮ ਲਾਗੂ ਕਰਨੇ ਯਕੀਨੀ ਬਣਾਏ ਜਾਣ।ਇਸ ਤੋਂ ਇਲਾਵਾ ਸਕੂਲੀ ਬੱਸਾਂ ਵਿੱਚ ਕਾਗ਼ਜ਼ਾਤ ਮੁਕੰਮਲ ਰੱਖੇ ਜਾਣ।ਜੇਕਰ ਭਵਿੱਖ ਵਿੱਚ ਚੈਕਿੰਗ ਦੌਰਾਨ ਕੋਈ ਕਮੀਆਂ ਪਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਖਿਲਾਫ਼ ਸਖਤ ਤੋਂ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਮਾਮਲਾ ਗੈਸ ਪਾਈਪ ਲਾਈਨ ਸਮੇਤ ਗੜ੍ਹੇਮਾਰੀ ਦਾ ਮੁਆਵਜ਼ਾ ਦੇਣ ਦਾ

ਕਿਸਾਨ ਆਗੂਆਂ ਨੇ ਕੀਤੇ ਖੇਤੀਬਾੜੀ ਮੰਤਰੀ ਨੂੰ ਸਵਾਲ

ਤਲਵੰਡੀ ਸਾਬੋ (ਜਗਦੀਪ ਗਿੱਲ) ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਪਿੰਡ ਇਕਾਈ ਬਹਿਮਨ ਜੱਸਾ ਸਿੰਘ ਬਲਾਕ ਤਲਵੰਡੀ ਸਾਬੋ ਵਿਖੇ ਜ਼ਿਲ੍ਹਾ ਬਠਿੰਡਾ ਦੇ ਆਗੂ ਜਗਦੇਵ ਸਿੰਘ ਜੋਗੇਵਾਲਾ ਦੀ ਅਗਵਾਈ ਹੇਠ, ਖੇਤੀਬਾੜੀ ਮੰਤਰੀ ਪੰਜਾਬ ਸਰਕਾਰ ਅਤੇ ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਪਿਛਲੇ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਸਬੰਧੀ ਪਿੰਡ ਬਹਿਮਣ ਜੱਸਾ ਸਿੰਘ ਵਾਲਾ ਵਿਖੇ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਲੇਲੇਵਾਲਾ ਗੈਸ ਪਾਈਪ ਲਾਈਨ ਮੋਰਚੇ ਨਾਲ ਸਬੰਧਤ ਕਿਸਾਨਾਂ ਨੂੰ ਜ਼ਮੀਨ ਦਾ ਮੁਆਵਜ਼ਾ ਦੇਣ ਬਾਰੇ, ਗੜ੍ਹੇਮਾਰੀ ਦੌਰਾਨ ਕਣਕ ਦੀ ਫ਼ਸਲ ਦੇ ਨੁਕਸਾਨ ਲਈ ਮੁਆਵਜ਼ੇ ਬਾਰੇ, ਭਾਰਤ ਮਾਲਾ ਸੜਕ ਅਧੀਨ ਐਕਵਾਇਰ ਕੀਤੀ ਜ਼ਮੀਨ ਦਾ ਪੂਰਾ ਮੁਆਵਜ਼ਾ ਦੇਣ ਬਾਰੇ, ਨਰਮੇ ਦੀ ਫ਼ਸਲ ਦਾ ਮੁਆਵਜ਼ਾ ਤੇ ਆਉਣ ਵਾਲੀ ਨਰਮੇ ਦੀ ਫ਼ਸਲ ਲਈ ਵਧੀਆ ਸੋਧੇ ਬੀਜ ਮੁਹੱਈਆ ਕਰਾਉਣ ਸਬੰਧੀ, ਪਸ਼ੂਆਂ ਦੀ ਬਿਮਾਰੀ ਨਾਲ ਪਸ਼ੂਆਂ ਦੇ ਹੋਏ ਨੁਕਸਾਨ ਬਾਰੇ ਮੁਆਵਜ਼ੇ ਸਬੰਧੀ ਸਵਾਲ ਕੀਤੇ ਗਏ ਤੇ ਇਸ ਤੋਂ ਬਾਅਦ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਇੱਕ ਵਾਰ ਫਿਰ ਤੋਂ ਭਰੋਸਾ ਦਿਵਾਇਆ ਗਿਆ ਕਿ 22 ਅਪ੍ਰੈਲ ਨੂੰ ਡੀਸੀ ਬਠਿੰਡਾ ਨਾਲ ਮੀਟਿੰਗ ਕਰਕੇ ਗੈਸ ਪਾਈਪ ਲਾਈਨ ਮਸਲਾ ਹੱਲ ਕਰਨ ਤੇ ਗੜ੍ਹੇਮਾਰੀ ਨਾਲ ਸਬੰਧਤ ਕੋਈ ਵੀ ਪਿੰਡ ਗਿਰਦਾਵਰੀ ਵਜੋਂ ਨਹੀਂ ਛੱਡਿਆ ਜਾਵੇਗਾ।

ਇਸ ਸਮੇਂ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਦੱਸਿਆ ਕਿ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆਂ ਦੁਆਰਾ ਜੋ ਭਰੋਸਾ ਦਿਵਾਇਆ ਗਿਆ ਹੈ, ਜੇ ਇਹ 22 ਅਪ੍ਰੈਲ ਨੂੰ ਪੂਰਾ ਨਹੀਂ ਕੀਤਾ ਗਿਆ ਤਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਐਲਾਨ ਮੁਤਾਬਕ ਘਿਰਾਓ ਲਈ ਤਿਆਰ ਰਹਿਣ, ਕਿਉਂਕਿ ਹੁਣ ਤਾਂ ਸਿਰਫ ਸਵਾਲ ਹੀ ਕੀਤੇ ਜਾ ਰਹੇ ਹਨ, ਇਸ ਲਈ ਸਰਕਾਰ ਜਲਦ ਹੀ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਦੇਵੇ।

ਕਾਤਰਾਂ

ਮੈਕਰੋ ਗਲੋਬਲ ਦੀ ਜਗਰਾਉਂ ਬ੍ਰਾਂਚ ਦੇ ਵਿਦਿਆਰਥੀ ਨੇ ਪ੍ਰਾਪਤ ਕੀਤੇ 6.5 ਬੈਂਡ

ਜਗਰਾਉਂ, (ਸੰਜੀਵ ਅਰੋੜਾ) ਮੈਕਰੋ ਗਲੋਬਲ ਮੋਗਾ ਦੀ ਜਗਰਾਉਂ ਬ੍ਰਾਂਚ ਆਪਣੀਆਂ ਆਈਲੈਟਸ ਤੇ ਸਟੂਡੈਂਟ ਵੀਜ਼ੇ ਦੀਆਂ ਸੇਵਾਵਾਂ ਨਾਲ ਪੰਜਾਬ ਦੀ ਮੰਨੀ-ਪ੍ਰਮੰਨੀ ਸੰਸਥਾ ਬਣ ਚੁੱਕੀ ਹੈ। ਇਸ ਸੰਸਥਾ ਵਿੱਚ ਸਟੂਡੈਂਟ ਵੀਜ਼ੇ ਦੇ ਨਾਲ-ਨਾਲ ਵਿਜ਼ਿਟਰ ਵੀਜ਼ੇ ਤੇ ਓਪਨ ਵਰਕ ਪਰਮਿਟ ਦੀਆਂ ਸੇਵਾਵਾਂ ਵੀ ਦਿੱਤੀਆਂ ਜਾਂਦੀਆਂ ਹਨ।ਮੈਕਰੋ ਗਲੋਬਲ ਦੇ ਵਿਦਿਆਰਥੀਆਂ ਵਿਚੋਂ ਯੁਵਰਾਜ ਸਪੁੱਤਰ ਹੰਸ ਰਾਜ ਨਿਵਾਸੀ ਜਗਰਾਉਂ ਜ਼ਿਲ੍ਹਾ ਲੁਧਿਆਣਾ, ਜਿਨ੍ਹਾਂ ਦੇ ਲਿਸਨਿੰਗ ਵਿਚੋਂ 7, ਰੀਡਿੰਗ ਵਿਚੋਂ 6.5, ਰਾਈਟਿੰਗ ਵਿਚੋਂ 6, ਸਪੀਕਿੰਗ ਵਿਚੋਂ 6 ਬੈਂਡ ਹਾਸਲ ਕੀਤੇ ਹਨ। ਸੰਸਥਾ ਵਿੱਚ ਕਸ਼ਜ਼ੋਰ ਵਿਦਿਆਰਥੀਆਂ ਲਈ ਸਪੈਸ਼ਲ ਸੈਮੀਨਾਰ ਰੱਖਿਆ ਜਾਂਦਾ ਹੈ। ਕੁਆਲਿਟੀ ਨੂੰ ਬਰਕਰਾਰ ਰੱਖਦੇ ਹੋਏ ਵਿਦਿਆਰਥੀਆਂ ਨੂੰ ਫਰੈਸ਼ ਹੈਂਡਆਊਟਸ ਦਿੱਤੇ ਜਾਂਦੇ ਹਨ, ਜੋ ਵਿਦਿਆਰਥੀਆਂ ਨੂੰ ਚੰਗੇ ਸਕੋਰ ਪ੍ਰਾਪਤ ਕਰਨ ਲਈ ਮਦਦਗਾਰ ਸਾਬਤ ਹੋਏ ਹਨ। ਇਸ ਮੌਕੇ ਗੁਰਮਿਲਾਪ ਸਿੰਘ ਡੱਲਾ ਨੇ ਸਟਾਫ਼ ਦੀ ਹੌਂਸਲਾ ਅਫ਼ਜ਼ਾਈ ਕੀਤੀ ਅਤੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

ਥਾਣਾ ਸਿਟੀ ਦੇ ਗੇਟ ਅੱਗੇ ਪੱਕਾ ਮੋਰਚਾ ਲਾਇਆ

ਬੁਢਲਾਡਾ, (ਅਸ਼ੋਕ ਲਾਕੜਾ) ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਪਿੰਡ ਅਹਿਮਦਪੁਰ ਦੇ ਲੋਕਾਂ ਦੇ ਸਹਿਯੋਗ ਨਾਲ ਸਿਟੀ ਥਾਣਾ ਦੇ ਗੇਟ ਅੱਗੇ ਦੂਜੀ ਵਾਰ ਧਰਨਾ ਦੇ ਕੇ ਪੱਕਾ ਮੋਰਚਾ ਲਾ ਦਿੱਤਾ ਗਿਆ ਹੈ। ਧਰਨੇ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਜੋਗਿੰਦਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਪਿਛਲੀ 10 ਜਨਵਰੀ ਦੀ ਰਾਤ ਨੂੰ ਕਿਸੇ ਅਣਪਛਾਤੇ ਵਿਅਕਤੀਆਂ ਵੱਲੋਂ ਘਰ ਦੇ ਅੰਦਰ ਦਾਖ਼ਲ ਹੋ ਕੇ 65 ਸਾਲਾਂ ਜੰਗੀਰ ਸਿੰਘ ਤੇ 62 ਸਾਲਾਂ ਰਣਜੀਤ ਕੌਰ ਨੂੰ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ ਸੀ, ਜਿਸ ਦੀ ਐਫ਼ ਆਈ ਆਰ 11 ਜਨਵਰੀ ਨੂੰ ਸਿਟੀ ਥਾਣਾ 'ਚ ਦਰਜ ਹੋਈ। ਪੁਲਸ ਪ੍ਰਸ਼ਾਸਨ ਦੇ ਡਿਪਟੀ ਤੇ ਐਸ.ਐਸ.ਪੀ ਨੂੰ ਵਾਰ-ਵਾਰ ਮਿਲਣ ਦੇ ਬਾਵਜੂਦ ਤਿੰਨ ਮਹੀਨਿਆਂ ਤੋਂ ਉਪਰ ਸਮਾਂ ਬੀਤਣ ਦੇ ਬਾਵਜੂਦ ਪੁਲਸ ਕਾਤਲਾਂ ਨੂੰ ਲੁਕੋ ਰਹੀ ਹੈ। ਪਿਛਲੀ 17 ਮਾਰਚ ਨੂੰ ਵੀ ਸਿਟੀ ਥਾਣੇ ਅੱਗੇ ਇੱਕ ਦਿਨ ਦਾ ਧਰਨਾ ਲਾ ਕੇ 25 ਮਾਰਚ ਤੱਕ ਦਾ ਅਲਟੀਮੇਟਮ ਦਿੱਤਾ ਸੀ, ਪਰ ਪੁਲਸ ਅਜੇ ਤੱਕ ਵੀ ਕਾਤਲ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ। ਮਜਬੂਰ ਹੋ ਕੇ ਥਾਣਾ ਸਿਟੀ ਅੱਗੇ ਪੱਕਾ ਮੋਰਚਾ ਲਾ ਦਿੱਤਾ ਗਿਆ ਹੈ। ਇਹ ਉਸ ਸਮੇਂ ਤੱਕ ਜਾਰੀ ਰਹੇਗਾ ਜਦੋਂ ਤੱਕ ਪੁਲਸ ਕਾਤਲਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਨਹੀਂ ਭੇਜ ਦਿੰਦੀ।

ਐੱਨ ਡੀ ਪੀ ਐੱਸ ਐਕਟ ਤਹਿਤ ਬਰਾਮਦ ਕੀਤੇ ਨਸ਼ੀਲੇ ਪਦਾਰਥ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਡਰੱਗ ਡਿਸਪੋਜ਼ਲ ਕਮੇਟੀ ਵੱਲੋਂ ਸੀਨੀਅਰ ਪੁਲਸ ਅਧਿਕਾਰੀਆਂ ਦੀ ਹਾਜ਼ਰੀ 'ਚ ਪੰਜਾਬ ਕੈਮੀਕਲ ਅਤੇ ਕਰਾਪ ਪ੍ਰੋਟੈਕਸ਼ਨ ਲਿਮ: ਭਾਂਖਰਪੁਰ, ਡੇਰਾਬੱਸੀ ਵਿਖੇ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਦੀ ਪੁਲਸ ਵੱਲੋਂ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤੇ ਗਏ 66 ਮੁਕੱਦਮਿਆਂ 'ਚ ਬਰਾਮਦ ਕੀਤੇ ਗਏ ਨਸ਼ੀਲੇ ਪਦਾਰਥਾਂ ਨੂੰ ਇਸ ਸਬੰਧੀ ਜਾਰੀ ਹਦਾਇਤਾਂ ਮੁਤਾਬਿਕ ਨਸ਼ਟ ਕਰ ਦਿੱਤਾ ਗਿਆ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਤੇ ਹੋਰ ਪੁਲਸ ਅਧਿਕਾਰੀਆਂ ਦੀ ਨਿਗਰਾਨੀ ਹੇਠ 743770 ਗੋਲੀਆਂ, 14512 ਕੈਪਸੂਲ,77398 ਟੀਕੇ, 9111 ਸ਼ੀਸ਼ੀਆਂ ਏਵਲ, 1043.280 ਕਿੱਲੋ ਭੁੱਕੀ, 5800 ਕਿੱਲੋ ਗਾਂਜਾ, ਸਮੈਕ, ਸਿਰਪ ਤੇ ਚਰਸ ਆਦਿ ਨਸ਼ੀਲੇ ਪਦਾਰਥ ਨਸ਼ਟ ਕਰ ਦਿੱਤੇ ਗਏ।

ਸਰਕਾਰੀ ਹਾਈ ਸਕੂਲ ਸਹੇਲੇਵਾਲਾ ਤੇ ਦੁਆਬ ਅਕੈਡਮੀ ਜਲਾਲਾਬਾਦ ਵਿਖੇ ਵੋਟਰ ਜਾਗਰੂਕ ਕੈਂਪ ਆਯੋਜਤ

ਜਲਾਲਾਬਾਦ, (ਜੀਤ ਕੁਮਾਰ) ਲੋਕ ਸਭਾ ਚੋਣਾਂ 2024 ਨੂੰ ਮੱਦੇਨਜ਼ਰ ਰੱਖਦਿਆਂ ਜ਼ਿਲ੍ਹਾ ਚੋਣ

page-6-18-Apri.-2024.qxd 4/17/2024 10:51 PM Page 1

ਦਲਬਦਲੀ ਰੁਝਾਨ ਸਦਕਾ ਰਾਜਨੀਤੀ ਪ੍ਰਤੀ ਬੇਭਰੋਸਗੀ ਪੈਦਾ ਹੋ ਰਹੀ-ਸੇਖੋਂ

ਜਲੰਧਰ (ਸੁਰਿੰਦਰ ਕੁਮਾਰ)— ਜਿਉਂ-ਜਿਉਂ ਪਾਰਲੀਮੈਂਟ ਚੋਣਾਂ ਦਾ ਮਾਹੌਲ ਗਰਮਾਉਂਦਾ ਜਾ ਰਿਹਾ ਹੈ ਪੰਜਾਬ ਅੰਦਰਲੀਆਂ ਰਾਜਨੀਤਕ ਪਾਰਟੀਆਂ ਵਿੱਚ ਇਧਰੋਂ ਉਧਰ ਨੂੰ ਭੱਜਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਨੇਤਾ ਆਪਣੇ ਡੱਡੂ ਛਲਾਂਗਾਂ ਨਾਲ ਰਾਜਨੀਤੀ ਦੇ ਛੱਪੜ ਵਿੱਚ ਗੜੈਂ ਗੜੈਂ ਕਰਦੇ ਨੱਠੇ ਫਿਰਦੇ ਹਨ। ਇਹਨਾਂ ਦਲਬਦਲੀਆਂ ਦੇ ਰੁਝਾਨ ਸਦਕਾ ਲੋਕਾਂ ਵਿੱਚ ਰਾਜਨੀਤੀ ਪ੍ਰਤੀ ਬੇਭਰੋਸਗੀ ਪੈਦਾ ਹੋ ਰਹੀ ਹੈ ਅਤੇ ਸਿਆਸਤ ਗੰਧਲੀ ਹੋ ਰਹੀ ਹੈ। ਇਹ ਵਿਚਾਰ ਪ੍ਰਗਟ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ.ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਰਿਵਾਇਤੀ ਸਿਆਸੀ ਪਾਰਟੀਆਂ ਮੁੱਦਿਆਂ ਤੇ ਚੋਣ ਲੜਣ ਦੀ ਬਜਾਏ ਦਲਬਦੂਆਂ ਦੇ ਸਹਾਰੇ ਸੱਤਾ ਹਾਸਲ ਕਰਨ ਲਈ ਯਤਨਸ਼ੀਲ ਹੈ, ਜੋ ਰਾਜਨੀਤੀ ਦੇ ਅਸੂਲਾਂ ਦੇ ਖਿਲਾਫ਼ ਹੈ।ਫਿਰਕਾਪ੍ਰਸਤੀ ਲਗਾਤਾਰ ਵਧ ਰਹੀ ਹੈ, ਦੇਸ਼ ਦਾ ਸੰਵਿਧਾਨ ਖਤਰੇ ਵਿੱਚ ਹੈ, ਮਹਿੰਗਾਈ ਸਿਖ਼ਰਾਂ 'ਤੇ ਪਹੁੰਚ ਗਈ ਹੈ, ਅਪਰਾਧ ਵਧ ਰਹੇ ਹਨ, ਲੋਕਾਂ ਦਾ ਜੀਵਨ ਗੁਜਾਰਾ ਮੁਸ਼ਕਿਲ ਹੋ ਗਿਆ ਹੈ। ਅਜਿਹੀ ਸਥਿਤੀ ਵਿੱਚ ਸਿਆਸੀ ਪਾਰਟੀਆਂ ਨੂੰ ਇਹਨਾਂ ਮੁੱਦਿਆਂ 'ਤੇ ਲੋਕ ਸਭਾ ਚੋਣਾਂ ਲੜਨੀਆਂ ਚਾਹੀਦੀਆਂ ਹਨ, ਪਰ ਅਫਸੋਸ ਇਸ ਗੱਲ ਦਾ ਹੈ ਕਿ ਰਿਵਾਇਤੀ ਪਾਰਟੀਆਂ ਇਹਨਾਂ ਲੋਕ ਮੁੱਦਿਆਂ ਤੋਂ ਪਾਸਾ ਵੱਟ ਕੇ ਦਲਬਦਲੂਆਂ ਦੇ ਸਹਾਰੇ ਚੋਣਾਂ ਜਿੱਤਣ ਲਈ ਯਤਨਸ਼ੀਲ ਹਨ। ਕਾ.ਸੇਖੋਂ ਨੇ ਬੀਤੇ ਦਿਨ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਜਾਤੀ ਸੂਚਕ ਸ਼ਬਦਾਂ ਦੀ ਵਰਤੋਂ ਕਰਨ ਦੀ ਸਖ਼ਤ ਨਿੰਦਾ ਕੀਤੀ। ਉਹਨਾਂ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ ਪੀਰਾਂ ਦੀ ਧਰਤੀ ਹੈ ਜਿੱਥੇ ਜਾਤ ਵਿਤਕਰਾ ਨਹੀਂ ਕੀਤਾ ਜਾਂਦਾ ਅਤੇ ਭਾਰਤੀ ਸੰਵਿਧਾਨ ਵੀ ਸਾਰੇ ਧਰਮਾਂ ਜਾਤਾਂ ਨੂੰ ਬਰਾਬਰ ਦਰਜਾ ਦਿੰਦਾ ਹੈ। ਉਹਨਾਂ ਆਮ ਆਦਮੀ ਪਾਰਟੀ ਦੇ ਸੁਬਾਈ ਪ੍ਰਧਾਨ ਤੇ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਲਾਲਜੀਤ ਭੁੱਲਰ ਵੱਲੋਂ ਕੀਤੀ ਬਿਆਨਬਾਜ਼ੀ ਬਾਰੇ ਆਪਣਾ ਪੱਖ ਸਪਸ਼ਟ ਕਰਨ ਅਤੇ ਉਸ ਵਿਰੁੱਧ ਬਣਦੀ ਕਾਰਵਾਈ ਕਰਨ।

ਟੀਨੂ ਨੂੰ ਉਮੀਦਵਾਰ ਐਲਾਨਣ 'ਤੇ ਆਪ ਵਰਕਰਾਂ ਲੱਡੂ ਵੰਡੇ

ਆਦਮਪੁਰ- ਆਪ ਪਾਰਟੀ ਵੱਲੋਂ ਲੋਕ ਸਭਾ ਜਲੰਧਰ ਲੋਕ ਸਭਾ ਸੀਟ ਲਈ ਐਲਾਨੇ ਗਏ ਉਮੀਦਵਾਰ ਪਵਨ ਕੁਮਾਰ ਟੀਨੂੰ ਨੂੰ ਟਿਕਟ ਦੇਣ 'ਤੇ ਆਦਮਪੁਰ ਆਪ ਵਰਕਰਾਂ ਵੱਲੋਂ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਲੱਡੂ ਵੰਡੇ ਗਏ। ਇਸ ਮੌਕੇ ਆਪ ਆਗੂ ਜੀਤ ਲਾਲ ਭੱਟੀ ਹਲਕਾ ਇੰਚਾਰਜ / ਡਾਇਰੈਕਟਰ ਪਨਬਸ ਨੇ ਦੱਸਿਆ ਕਿ ਹਾਈ ਕਮਾਨ ਵੱਲੋਂ ਪਵਨ ਕੁਮਾਰ ਟੀਨੂੰ ਨੂੰ ਟਿਕਟ ਦਿੱਤੇ ਜਾਣ 'ਤੇ ਉਹ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਧੰਨਵਾਦ ਦਾ ਕਰਦੇ ਹਨ। ਲੱਡੂ ਵੰਡਣ ਉਪਰੰਤ ਉਨ੍ਹਾਂ ਦਾਣਾ ਮੰਡੀ ਆਦਮਪੁਰ ਵਿਖੇ ਮੰਡੀ ਦਾ ਦੌਰਾ ਕੀਤਾ ਤੇ ਦੱਸਿਆ ਕਿ ਮਾਨ ਸਰਕਾਰ ਵੱਲੋਂ ਸੀਜ਼ਨ ਦੌਰਾਨ ਮੰਡੀਆਂ ਵਿੱਚੋਂ ਕਿਸਾਨਾਂ ਦੀ ਫਸਲ ਦਾ ਇੱਕ ਇੱਕ ਦਾਣਾ ਚੁੱਕਿਆ ਜਾਵੇਗਾ ਤੇ ਕਿਸਾਨਾਂ ਨੂੰ ਕੋਈ ਵੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ ਰਾਜਵੰਸ਼, ਹਰਵਿੰਦਰ ਸਿੰਘ ਬਿੰਦਾ ਗਰੇਵਾਲ ਵਾਇਸ ਪ੍ਰਧਾਨ ਕਿਸਾਨ ਵਿੰਗ, ਕ੍ਰਿਸ਼ਨਾ ਗਰੇਵਾਲ ਕੁਆਰਡੀਨੇਟਰ ਹਲਕਾ ਆਦਮਪੁਰ, ਮੇਗਾ ਰਾਮ ਜ਼ਿਲ੍ਹਾ ਜੁਆਇੰਟ ਸਕੱਤਰ ਐਸ ਸੀ ਵਿੰਗ, ਬਲਾਕ ਪ੍ਰਧਾਨ ਸਤਨਾਮ ਸਿੰਘ ਮਨਕੋਟੀਆ, ਬਲਾਕ ਪ੍ਰਧਾਨ ਕਮਲਜੀਤ ਸਿੰਘ, ਬਲਾਕ ਪ੍ਰਧਾਨ ਕਰਮਜੀਤ ਹੈਪੀ, ਬਲਾਕ ਪ੍ਰਧਾਨ ਪਰਮਿੰਦਰ ਸਿੰਘ ਪੰਮੀ, ਬਲਾਕ ਪ੍ਰਧਾਨ ਬੂਟਾ ਸਿੰਘ, ਬਲਾਕ ਪ੍ਰਧਾਨ ਅਕਾਸਦੀਪ ਆਸ਼ੂ, ਰਾਕੇਸ਼ ਕਪੂਰ ਨਿੱਕਾ, ਹਨਿੰਦਰ ਸਿੰਘ ਕੁਆਰਡੀਨੇਟਰ ਬੀ ਸੀ ਵਿੰਗ, ਬਲਾਕ ਪ੍ਰਧਾਨ ਤਰਲੋਕ ਸਿੰਘ, ਹੈਪੀ ਹਰੀਪੁਰ , ਹੁਸਨ ਲਾਲ ਬਲਾਕ ਪ੍ਰਧਾਨ ਕਠਾਰ, ਇੰਦਰਜੀਤ ਸਿੰਘ ਬਲਾਕ ਪ੍ਰਧਾਨ ਆਦਮਪੁਰ ਦਿਹਾਤੀ, ਪਵਿੱਤਰ ਸਿੰਘ ਸਾਬਕਾ ਪ੍ਰਧਾਨ ਨਗਰ ਕੌਂਸਲ, ਗੁਰਮੀਤ ਸਿੰਘ ਹੈਪੀ ਪਧਿਆਣਾ ਆਦਿ ਹਾਜ਼ਰ ਸਨ।

ਰਿਆਤ ਬਾਹਰਾ 'ਵਰਸਿਟੀ ਵੱਲੋਂ ਨਿਊ ਮੈਕਸੀਕੋ ਸਟੇਟ 'ਵਰਸਿਟੀ ਨਾਲ ਸਮਝੌਤਾ

ਮੋਹਾਲੀ (ਗੁਰਜੀਤ ਬਿੱਲਾ) ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ ਰਣਨੀਤਕ ਸਹਿਯੋਗ ਬਣਾਉਣ ਲਈ ਨਿਊ ਮੈਕਸੀਕੋ ਸਟੇਟ ਯੂਨੀਵਰਸਿਟੀ ਨਾਲ ਸਮਝੌਤੇ (ਐਮਓਯੂ) 'ਤੇ ਹਸਤਾਖਰ ਕੀਤੇ ਗਏ, ਜੋ ਇਹਨਾਂ ਸੰਸਥਾਵਾਂ ਵਿਚਕਾਰ ਸਾਂਝੇਦਾਰੀ ਵਿੱਚ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਹੈ। ਨਿਊ ਮੈਕਸੀਕੋ ਸਟੇਟ ਯੂਨੀਵਰਸਿਟੀ ਦੇ ਨੁਮਾਇੰਦਿਆਂ ਦੀ ਮੌਜੂਦਗੀ, ਜਿਸ ਵਿੱਚ ਸੇਠ ਮਾਈਨਰ, ਰਣਨੀਤਕ ਨਾਮਾਂਕਣ ਪ੍ਰਬੰਧਨ ਦੇ ਵਾਈਸ-ਚਾਂਸਲਰ; ਐਨਰੀਕੇ ਪੋਂਟੇਲੀ, ਕਾਲਜ ਆਫ ਆਰਟਸ ਐਂਡ ਸਾਇੰਸਜ ਦੇ ਡੀਨ; ਅਤੇ ਰੋਨਾਲਡੋ ਏ ਫਲੋਰਸ ਗਲਾਰਜਾ, ਕਾਲਜ ਆਫ ਐਗਰੀਕਲਚਰਲ, ਕੰਜਿਊਮਰ ਐਂਡ ਐਨਵਾਇਰਨਮੈਂਟਲ ਸਾਇੰਸਜ ਦੇ ਡੀਨ ਅਤੇ ਸੀਏਓ, ਨੇ ਇਸ ਸਾਂਝੇਦਾਰੀ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ। ਇਸ ਐਮਓਯੂ ਦਸਤਖਤ ਸਮਾਰੋਹ ਵਿੱਚ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ, ਰਜਿਸਟਰਾਰ ਡਾ: ਦਿਨੇਸ਼ ਸ਼ਰਮਾ, ਅੰਤਰਰਾਟਰੀ ਸਹਿਯੋਗ ਦੇ ਮੁਖੀ ਗੁਰਮੁੱਖ ਰਾਣਾ ਸਮੇਤ ਆਰਬੀਯੂ ਦੇ ਹੋਰ ਪਤਵੰਤੇ ਹਾਜਰ ਸਨ। ਇਸ ਦੌਰਾਨ ਸਹਿਯੋਗ ਦੇ ਸੰਭਾਵੀ ਖੇਤਰਾਂ 'ਤੇ ਕੇਂਦ੍ਰਿਤ ਦੋ ਯੂਨੀਵਰਸਿਟੀਆਂ ਦੇ ਉੱਚ ਅਧਿਕਾਰੀਆਂ ਵਿਚਕਾਰ ਵਿਚਾਰ-ਵਟਾਂਦਰਾ ਹੋਇਆ ਅਤੇ ਦੋਵਾਂ ਸੰਸਥਾਵਾਂ ਵਿਚਕਾਰ ਭਵਿੱਖੀ ਸਹਿਯੋਗ ਨੂੰ ਰਸਮੀ ਬਣਾਉਣ ਲਈ ਸਮਝੌਤਾ ਪੱਤਰ (ਐਮਓਯੂ) 'ਤੇ ਦਸਤਖਤ ਕੀਤੇ ਗਏ।।

ਕੋਟਕ ਆਲਟਰਨੇਟ ਐਸੇਟ ਮੈਨੇਜਰਜ਼ ਆਈਕੋਨਿਕ ਫੰਡ ਨੇ 2000 ਕਰੋੜ ਰੁਪਏ ਇਕੱਠੇ ਕੀਤੇ

ਜਲੰਧਰ : ਕੋਟਕ ਆਲਟਰਨੇਟ ਐਸੇਟ ਮੈਨੇਜਰਜ਼ ਲਿਮਿਟਡ (ਕੋਟਕ ਐਲੋਟ) ਨੇ ਐਲਾਨ ਕੀਤਾ ਹੈ ਕਿ ਇਸਦੇ ਕੋਟਕ ਆਈਕੋਨਿਕ ਫੰਡ ਨੇ ਸਫਲਤਾਪੂਰਵਕ 2,000 ਕਰੋੜ ਰੁਪਏ ਇਕੱਠੇ ਕੀਤੇ ਹਨ।ਓਪਨ-ਐਂਡ ਫੰਡ ਨੂੰ ਇਕੁਇਟੀ ਮਲਟੀ-ਐਡਵਾਈਜ਼ਰ ਪੋਰਟਫੋਲੀਓ ਹੱਲ ਵਜੋਂ ਸੰਕਲਪਿਤ ਕੀਤਾ ਗਿਆ ਹੈ।ਫੰਡ ਨੇ ਮਾਰਕੀਟ ਪੂੰਜੀਕਰਣ ਅਤੇ ਰਣਨੀਤਕ ਵੰਡ ਵਿੱਚ ਵਿਭਿੰਨ ਸਰਗਰਮ ਅਤੇ ਪੈਸਿਵ ਰਣਨੀਤੀਆਂ ਅਪਣਾ ਕੇ ਇੱਕ ਲਚਕਦਾਰ ਪਹੁੰਚ ਬਣਾਈ ਰੱਖੀ ਹੈ।ਅੱਜ ਦੇ ਗਤੀਸ਼ੀਲ ਨਿਵੇਸ਼ ਲੈਂਡਸਕੇਪ ਵਿੱਚ, ਨਿਵੇਸ਼ਕਾਂ ਨੂੰ ਵੱਧ ਰਹੀ ਅਸਥਿਰਤਾ ਅਤੇ ਲਗਾਤਾਰ ਬਦਲਦੇ ਬਾਜ਼ਾਰ ਦੇ ਮਾਹੌਲ ਨੂੰ ਜਾਰੀ ਰੱਖਣਾ ਬਹੁਤ ਮੁਸ਼ਕਲ ਹੋ ਰਿਹਾ ਹੈ, ਜੋ ਕਿ ਨਿਵੇਸ਼ਕਾਂ ਲਈ ਮਾਰਕੀਟ ਚੱਕਰਾਂ ਵਿੱਚ ਇਕੁਇਟੀ ਪੋਰਟਫੋਲੀਓ ਬਣਾਉਣ ਅਤੇ ਬਣਾਈ ਰੱਖਣ ਲਈ ਚੁਣੌਤੀਪੂਰਨ ਬਣਾਉਂਦਾ ਹੈ।ਲਕਸ਼ਮੀ ਅਈਅਰ, ਸੀਈਓ-ਨਿਵੇਸ਼ ਅਤੇ ਰਣਨੀਤੀ, ਕੋਟਕ ਅਲਟਰਨੇਟ ਐਸੇਟ ਮੈਨੇਜਰਜ਼ ਲਿਮਟਿਡ ਨੇ ਕਿਹਾ ਕਿ ਏਯੂਐਮ ਵਿੱਚ 2,000 ਕਰੋੜ ਰੁਪਏ ਦੀ ਯਾਤਰਾ ਅਟੁੱਟ ਸਮਰਪਣ, ਲਚਕੀਲੇਪਣ ਅਤੇ ਨਿਵੇਸ਼ਕਾਂ ਦੇ ਵਿਸ਼ਵਾਸ ਦੁਆਰਾ ਦਰਸਾਈ ਗਈ ਹੈ ਜਿਨ੍ਹਾਂ ਨੇ ਕੋਟਕ ਆਈਕੋਨਿਕ ਨੂੰ ਆਪਣੇ ਤਰਜੀਹੀ ਨਿਵੇਸ਼ ਵਾਹਨ ਵਜੋਂ ਚੁਣਿਆ ਹੈ।

ਹੁਣ ਡਫਲੀ ਦੇ ਨਾਲ ਵੱਜਿਆ ਢੋਲ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)-ਲੋਕਤੰਤਰ ਦੀ ਨੀਂਹ ਮਜ਼ਬੂਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਵਰਗਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾ ਰਹੀ ਹੈ। ਇਸੇ ਲੜੀ ਵਿਚ ਸਥਾਨਕ ਲੇਬਰ ਚੌਕ 'ਤੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਦੀ ਅਗਵਾਈ ਵਿਚ ਬਿਲਕੁਲ ਹੀ ਵੱਖਰੇ ਅੰਦਾਜ਼ ਵਿਚ ਸਵੀਪ ਗਤੀਵਿਧੀ ਕਰਵਾਈ ਗਈ। ਇਸ ਦੌਰਾਨ ਭੰਡ ਕਲਾ ਰਾਹੀਂ ਉਸਾਰੀ ਕਿਰਤੀਆਂ ਨੂੰ ਵੋਟ ਪਾਉਣ ਲਈ ਜਾਗਰੂਕ ਕੀਤਾ ਗਿਆ ਅਤੇ ਬੜੇ ਹੀ ਨਾਟਕੀ ਅੰਦਾਜ਼ ਵਿਚ ਵੋਟ ਦੀ ਮਹੱਤਤਾ ਸਬੰਧੀ ਉਨ੍ਹਾਂ ਨੂੰ ਸਮਝਾਇਆ ਗਿਆ। ਵੋਟ ਪਾਉਣ ਪ੍ਰਤੀ ਜਾਗਰੂਕਤਾ ਦੇ ਇਸ ਮਾਧਿਅਮ ਨੂੰ ਸਾਰਿਆਂ ਨੇ ਬੇਹੱਦ ਸਰਾਹਿਆ।ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਲੇਬਰ ਚੌਕ ਹੁਸ਼ਿਆਰਪੁਰ ਵਿਚ ਆਪਣੀ ਟੀਮ ਨਾਲ ਪਹੁੰਚ ਕਰਕੇ ਆਪਣੇ ਜਾਣ-ਪਛਾਣੇ ਅੰਦਾਜ਼ ਵਿਚ ਡਫਲੀ ਵਜਾਉਣ ਲੱਗਦੇ ਹਨ। ਇਸ ਦੌਰਾਨ ਰਾਸ਼ਟਰੀ ਪੱਧਰ 'ਤੇ ਮਸ਼ਹੂਰ ਰੇਲਵੇ ਮੰਡੀ ਸਕੂਲ ਦੀ ਵਿਦਿਆਰਥਣ ਰਿਤਿਕਾ ਸੈਣੀ ਢੋਲ ਦੀ ਥਾਪ ਨਾਲ ਉਨ੍ਹਾਂ ਦਾ ਸਹਿਯੋਗ ਕਰਦੀ ਹੈ।ਪਹਿਲਾਂ ਤਾਂ ਹਰ ਕੋਈ ਇਨ੍ਹਾਂ ਨੂੰ ਦੇਖ ਕੇ ਹੈਰਾਨ ਰਹਿ ਜਾਂਦਾ ਹੈ, ਫਿਰ ਹੌਲੀ-ਹੌਲੀ ਉਥੇ ਮਜ਼ਦੂਰਾਂ ਦੇ ਨਾਲ ਰਾਹਗੀਰ ਵੀ ਰੁਕਣੇ ਸ਼ੁਰੂ ਹੋ ਜਾਂਦੇ ਸਨ।ਇਸ ਉਪਰੰਤ ਲੋਕਾਂ

ਨੂੰ ਅਸਲੀ ਗੱਲ ਸਮਝ ਆਉਂਦੀ ਹੈ ਕਿ ਇਹ ਅਧਿਕਾਰੀ ਲੋਕਾਂ ਨੂੰ ਵੋਟਾਂ ਲਈ ਪ੍ਰੇਰਿਤ ਕਰ ਰਹੇ ਹਨ।ਪ੍ਰੀਤ ਕੋਹਲੀ ਨੇ ਇਸ ਦੌਰਾਨ ਉਸਾਰੀ ਮਜ਼ਦੂਰਾਂ ਨਾਲ ਰਾਹਗੀਰਾਂ ਨੂੰ ਵੋਟਾਂ ਲਈ ਜਾਗਰੂਕ ਕਰਦਿਆਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ 100 ਫੀਸਦੀ ਵੋਟ ਪਾਉਣੀ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਕੋਈ ਵੀ ਵੋਟਰ ਲੋਕ ਸਭਾ ਚੋਣਾਂ ਵਿਚ ਵੋਟ ਪਾਉਣ ਤੋਂ ਵਾਂਝਾ ਨਾ ਰਹੇ।ਇਸ ਲਈ ਉਹ ਸਵੀਪ ਨੋਡਲ ਅਫ਼ਸਰ ਅੰਕੁਸ਼ ਸ਼ਰਮਾ, ਜ਼ਿਲ੍ਹਾ ਮੀਡੀਆ ਅਤੇ ਕਮਿਊਨੀਕੇਸ਼ਨ ਟੀਮ ਦੇ ਸਹਾਇਕ ਨੋਡਲ ਅਫ਼ਸਰ ਰਜਨੀਸ਼ ਗੁਲਿਆਨੀ ਅਤੇ ਨੀਰਜ ਧੀਮਾਨ ਨੂੰ ਨਾਲ ਲੈ ਕੇ ਲੇਬਰ ਚੌਕ ਹੁਸ਼ਿਆਰਪੁਰ ਵਿਖੇ ਵੱਖ-ਵੱਖ ਢੰਗ ਨਾਲ ਉਸਾਰੀ ਮਜ਼ਦੂਰਾਂ ਨੂੰ ਨੁੱਕੜ ਨਾਟਕ ਰਾਹੀਂ ਵੋਟਾਂ ਪ੍ਰਤੀ ਜਾਗਰੂਕ ਕਰ ਰਹੇ ਹਨ।ਅਸਲ ਵਿਚ ਸਵੀਪ ਤਹਿਤ ਵੋਟ ਪ੍ਰਤੀਸ਼ਤਤਾ ਵਧਾਉਣ ਲਈ ਲੋਕਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਦੌਰਾਨ ਜਿਥੇ ਫਸਟ ਟਾਈਮ ਯੂਵਾ ਵੋਟਰਾਂ ਨੇ ਵੀ ਆਉਂਦੇ ਜਾਂਦੇ ਰਾਹਗੀਰਾਂ ਨੂੰ ਵੋਟ ਪ੍ਰਤੀ ਉਨ੍ਹਾਂ ਦੀ ਬਣਦੀ ਜ਼ਿੰਮੇਵਾਰੀ ਦੀ ਸਹੁੰ ਚੁਕਾਈ।ਇਸ ਮੌਕੇ ਐਨ. ਸੀ. ਸੀ. ਕੈਡਿਟਾਂ ਤੋਂ ਇਲਾਵਾ ਸਮਾਜ ਸੇਵੀ ਜਸਵਿੰਦਰ ਸਿੰਘ, ਪ੍ਰਿੰਸੀਪਲ ਕਰੁਣ ਸ਼ਰਮਾ, ਜਤਿੰਦਰ ਸਿੰਘ, ਜਸਵੀਰ ਸਿੰਘ ਆਦਿ ਵੀ ਮੌਜੂਦ ਸਨ।

ਜ਼ਿਲ੍ਹੇ 'ਚ 100 ਫੀਸਦੀ ਵੋਟ ਪਾਉਣ ਲਈ ਹਰੇਕ ਯੋਗ ਵੋਟਰ ਤੱਕ ਪਹੁੰਚ ਰਿਹੈ ਪ੍ਰਸ਼ਾਸਨ

ਰਾਮ ਨੌਮੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਸਜਾਈ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਰਾਮ ਨੌਮੀ ਦੇ ਪਵਿੱਤਰ ਦਿਹਾੜੇ ਨੂੰ ਲੈ ਕੇ ਕਾਦੀਆਂ ਦੇ ਮੰਦਰ ਠਾਕੁਰ ਦੁਆਰਾ ਤੋਂ ਇੱਕ ਵਿਸ਼ਾਲ ਸ਼ੋਭਾ ਯਾਤਰਾ ਪ੍ਰਬੰਧਕਾਂ ਅਤੇ ਸੰਗਤਾਂ ਤੇ ਸਹਿਯੋਗ ਨਾਲ ਕੱਢੀ ਗਈ। ਸ਼ੋਭਾ ਯਾਤਰਾ ਵਿੱਚ ਪਡੋਰੀ ਧਾਮ ਦੇ ਮਹੰਤ ਗੋਪਾਲ ਦਾਸ ਨੇ ਵੀ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸੰਗਤਾਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਡੀਐੱਸਪੀ ਰਜੇਸ਼ ਕੱਕੜ ਦੀ ਅਗਵਾਈ 'ਚ ਭਾਰੀ ਸੁਰੱਖਿਆ ਫੋਰਸ ਯਾਤਰਾ ਦੀ ਸੁਰੱਖਿਆ ਲਈ ਨਾਲ ਚੱਲ ਰਹੀ ਸੀ। ਇਸ ਯਾਤਰਾ ਵਿੱਚ ਸ਼ਹਿਰ ਦੇ ਸਾਰੇ ਹੀ ਐੱਮਸੀ ਅਤੇ ਸਾਰੇ ਧਰਮਾਂ ਦੇ ਲੋਕ, ਗੁਰਦੁਆਰਾ ਕਮੇਟੀਆਂ ਦੇ ਪ੍ਰਧਾਨ ਅਤੇ ਮੈਂਬਰ ਸਾਹਿਬਾਨ ਸ਼ਾਮਲ ਸਨ। ਇਹ ਸ਼ੋਭਾ ਯਾਤਰਾ ਸ਼ਹਿਰ ਦੇ ਅਲੱਗ-ਅਲੱਗ ਹਿੱਸਿਆਂ 'ਚੋਂ ਹੁੰਦੀ ਹੋਈ ਮੇਨ ਬਾਜ਼ਾਰ, ਸ਼ਿਵਾਲਾ ਚੌਕ, ਪ੍ਰਭਾਕਰ ਚੌਕ, ਬੁੱਟਰ ਰੋਡ, ਚੌਕ ਰੇਲਵੇ ਰੋਡ ਤੋਂ ਹੁੰਦੀ ਹੋਈ ਬੱਸ ਸਟੈਂਡ ਰਾਮਗੜ੍ਹੀਆ ਚੌਕ ਤੋਂ ਹੁੰਦੀ ਹੋਈ ਮੰਦਰ ਠਾਕੁਰ ਦੁਆਰਾ ਜਾ ਕੇ ਸਮਾਪਤ ਹੋਈ। ਇਸ ਮੌਕੇ ਬੀਜੇਪੀ ਦੇ ਪਾਰਲੀਮੈਂਟ ਕੈਂਡੀਡੇਟ ਦਿਨੇਸ਼ ਬੱਬੂ, ਵਰਿੰਦਰ ਪਰਭਾਕਰ, ਸੋਮਨਾਥ, ਕੇਵਲ ਕ੍ਰਿਸ਼ਨ ਗੁਪਤਾ, ਅਰਵਿੰਦਰ ਜੁਲਕਾ, ਨਰੇਸ਼ ਅਰੋੜਾ ਪ੍ਰਧਾਨ ਮੰਦਰ ਕਮੇਟੀ, ਕਾਲੀ ਦੁਆਰਾ ਮੰਦਰ ਦੇ ਪ੍ਰਧਾਨ ਪਵਨ ਕੁਮਾਰ, ਬਾਲ ਕ੍ਰਿਸ਼ਨ ਗੁਪਤਾ, ਮਨੋਜ ਕੁਮਾਰ, ਵਿਜੇ ਕੁਮਾਰ ਪ੍ਰਧਾਨ ਸ਼ੀਤਲਾ ਮੰਦਰ, ਰਾਮ ਪ੍ਰਕਾਸ਼ ਲੱਡਾ, ਜੋਗਿੰਦਰ ਪਾਲ ਨੰਦੂ, ਪ੍ਰਧਾਨ ਨਗਰ ਕੌਂਸਲ ਕਾਦੀਆਂ, ਸੰਜੀਵ ਮੇਮਨ, ਜਗਦੀਸ਼ ਰਾਜ ਜੰਬਾ, ਐੱਮਸੀ ਸੁਖਵਿੰਦਰ ਪਾਲ ਸਿੰਘ ਸੁੱਖ, ਐੱਮਸੀ ਅਕਾਲੀ ਦਲ ਦੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ, ਗਗਨਦੀਪ ਸਿੰਘ, ਐੱਮਸੀ ਵਿਜੇ ਕੁਮਾਰ ਪ੍ਰਧਾਨ ਲੱਖ ਦਾਤਾ ਕਮੇਟੀ, ਜੋਗਿੰਦਰ ਪਾਲ ਭੁੱਟੋ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ੋਭਾ ਯਾਤਰਾ ਦੇ ਨਾਲ ਚੱਲ ਕੇ ਆਪਣੀਆਂ ਹਾਜ਼ਰੀਆਂ ਲਗਵਾਈਆਂ।

ਮਜ਼ਬੂਤ ਲੋਕਤੰਤਰ ਦੇ ਨਿਰਮਾਣ ਲਈ ਹਰੇਕ ਵੋਟ ਦੀ ਅਹਿਮ ਭੂਮਿਕਾ: ਜ਼ਿਲ੍ਹਾ ਚੋਣ ਅਫ਼ਸਰ

ਨਵਾਂਸ਼ਹਿਰ, (ਮਨੋਜ ਲਾਡੀ) ਲੋਕਤੰਤਰ ਨੂੰ ਮਜ਼ਬੂਤ

18-APRIL-PAGE-7.qxd 4/17/2024 10:34 PM Page 1

ਸਿਵਲ ਹਸਪਤਾਲ ਦੇ ਸਫ਼ਾਈ ਸੇਵਕਾਂ ਵੱਲੋਂ ਡੀ ਸੀ ਰੇਟਾਂ ਤੋਂ ਅੱਧੀ ਤਨਖਾਹ ਦੇਣ 'ਤੇ ਧਰਨਾ ਜਾਰੀ

ਮਾਲੇਰਕੋਟਲਾ (ਪੱਤਰ ਪ੍ਰੇਰਕ) ਸਿਵਲ ਹਸਪਤਾਲ ਦੇ ਸਫ਼ਾਈ ਸੇਵਕਾਂ ਵੱਲੋਂ ਰੋਸ ਧਰਨਾ ਦੇਣ ਦੇ ਬਾਵਜੂਦ ਮਾਰਚ ਮਹੀਨੇ ਦੀ ਤਨਖਾਹ ਠੇਕੇਦਾਰ ਵੱਲੋਂ ਮੁੜ ਡੀ.ਸੀ. ਰੇਟਾਂ ਤੋਂ ਘੱਟ (ਅੱਧੀ) ਤਨਖਾਹ ਪਾਈ ਗਈ ਹੈ, ਜਿਸ ਦੇ ਰੋਸ ਵਜੋਂ ਅੱਜ ਦੂਜੇ ਦਿਨ ਵੀ ਰੋਸ ਧਰਨਾ ਜਾਰੀ ਰਿਹਾ। ਦੀ ਕਲਾਸ ਫੋਰ ਗੋਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੇ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ, ਟਰੇਡ ਯੂਨੀਅਨ ਕੌਂਸਲ ਮਾਲੇਰਕੋਟਲਾ ਦੇ ਜਨਰਲ ਸਕੱਤਰ ਕਾਮਰੇਡ ਭਰਪੂਰ ਸਿੰਘ ਬੁਲਾਪੁਰ, ਤਹਿਸੀਲ ਮਾਲੇਰਕੋਟਲਾ ਦੇ ਪ੍ਰਧਾਨ ਨੇਤਰ ਸਿੰਘ ਮਾਨਵੀ, ਵਿੱਤ ਸਕੱਤਰ ਹਾਕਮ ਸਿੰਘ ਤੇ ਜੁਆਇੰਟ ਸਕੱਤਰ ਬਲਵਿੰਦਰ ਕੌਰ ਝੱਲ ਨੇ ਦੱਸਿਆ ਕਿ ਸਿਵਲ ਹਸਪਤਾਲ ਮਾਲੇਰਕੋਟਲਾ ਦੇ ਆਊਟਸੋਰਸ ਸਫ਼ਾਈ ਸੇਵਕਾਂ ਨੂੰ ਠੇਕੇਦਾਰ ਵੱਲੋਂ ਲੰਮੇ ਅਰਸੇ ਤੋਂ ਡੀ ਸੀ ਰੇਟਾਂ ਤੋਂ ਵੀ ਘੱਟ (ਅੱਧੀ) ਤਨਖਾਹ ਦਿੱਤੀ ਜਾ ਰਹੀ ਹੈ ਅਤੇ ਅਕਸਰ ਲੇਟ ਦਿੱਤੀ ਜਾਂਦੀ ਹੈ।

ਰੋਸ ਧਰਨੇ ਦੇ ਬਾਵਜੂਦ ਮਾਰਚ ਮਹੀਨੇ ਦੀ ਤਨਖਾਹ ਵੀ ਪੂਰੀ ਨਹੀਂ ਦਿੱਤੀ ਗਈ, ਜਿਸ ਦੇ ਰੋਸ ਵਜੋਂ ਦੂਜੇ ਦਿਨ ਵੀ ਪੀੜਤ ਕਰਮਚਾਰੀਆਂ ਵੱਲੋਂ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਦੀ ਅਗਵਾਈ ਵਿੱਚ ਰੋਸ ਧਰਨਾ ਦਿੱਤਾ ਗਿਆ।ਆਗੂਆਂ ਕਿਹਾ ਕਿ ਠੇਕੇਦਾਰ ਵੱਲੋਂ ਕਾਫੀ ਕਰਮਚਾਰੀਆਂ ਨੂੰ ਤਨਖਾਹ ਬੈਂਕ ਰਾਹੀਂ ਦੇਣ ਦੀ ਬਜਾਏ ਨਕਦ ਦਿੱਤੀ ਜਾਂਦੀ ਹੈ ਤੇ ਲੰਮੇ ਅਰਸੇ ਤੋਂ ਕਿਰਤ ਕਾਨੂੰਨਾਂ ਦੇ ਉਲਟ ਡੀ.ਸੀ ਰੇਟਾਂ ਮੁਤਾਬਕ ਪੂਰੀ ਤਨਖਾਹ ਦੇਣ ਦੀ ਬਜਾਏ 3000/ਰੁਪਏ।, 5000/ਰੁਪਏ, 6500/ਰੁਪਏ ਤੇ 7850/ਰੁਪਏ ਮਹੀਨਾ ਦੇ ਕੇ ਗ਼ਰੀਬ ਸਫ਼ਾਈ ਸੇਵਕਾਂ ਦਾ ਆਰਥਿਕ ਸੋਸ਼ਣ ਕੀਤਾ ਜਾ ਰਿਹਾ ਹੈ, ਈ.ਪੀ.ਐਫ ਵੀ ਜਮ੍ਹਾਂ ਨਹੀਂ ਕਰਾਇਆ ਜਾ ਰਿਹਾ, ਸਫ਼ਾਈ ਲਈ ਸਮਾਨ, ਝਾੜੂ, ਪੋਚਾ, ਫਰਨੈਲ ਤੇ ਹਾਰਪਿਕ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਕਰਮਚਾਰੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਆਗੂਆਂ ਨੇ ਸਖਤ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਠੇਕੇਦਾਰ ਵੱਲੋਂ ਸਫਾਈ ਸੇਵਕ ਕਰਮਚਾਰੀਆਂ ਨਾਲ ਲੰਮੇਂ ਅਰਸੇ ਤੋਂ ਕੀਤੇ ਜਾ ਰਹੇ ਆਰਥਿਕ ਸੋਸ਼ਣ ਤੇ ਹੋਰ ਮੰਗਾਂ/ਮੁਸ਼ਕਲਾਂ ਬਾਰੇ ਸਿਵਲ ਹਸਪਤਾਲ ਮਾਲੇਰਕੋਟਲਾ ਦੇ ਐਸ ਐਮ ਓ ਡਾ. ਜਗਜੀਤ ਸਿੰਘ ਦੇ ਵਾਰ-ਵਾਰ ਧਿਆਨ 'ਚ ਲਿਆਉਣ ਦੇ ਬਾਵਜੂਦ ਕਿਸੇ ਵੀ ਮੰਗ ਦਾ ਨਿਪਟਾਰਾ ਨਹੀਂ ਕੀਤਾ ਗਿਆ। ਉਲਟਾ ਦਹਾਕਿਆਂ ਤੋਂ ਕੰਮ ਕਰਦੇ ਸਫਾਈ ਸੇਵਕਾਂ ਨੂੰ ਕੰਮ ਤੋਂ ਹਟਾ ਕੇ ਬਦਲਵਾਂ ਪ੍ਰਬੰਧ ਕਰਨ ਦੀਆਂ ਧਮਕੀਆਂ ਦੇ ਕੇ ਠੇਕੇਦਾਰ ਦੀਆਂ ਵਧੀਕੀਆਂ 'ਚ ਸਾਥ ਦਿੱਤਾ ਜਾ ਰਿਹਾ।

ਆਗੂਆਂ ਕਿਹਾ ਕਿ ਜੇਕਰ ਐਸ.ਐਮ.ਓ.ਵੱਲੋਂ ਪ੍ਰਿੰਸੀਪਲ ਇੰਪਲਾਇਰ ਹੁੰਦਿਆਂ ਕਰਮਚਾਰੀਆਂ ਦੀਆਂ ਮੰਗਾਂ ਦਾ ਤੁਰੰਤ ਗੱਲਬਾਤ ਰਾਹੀਂ ਨਿਪਟਾਰਾ ਨਾ ਕੀਤਾ ਤੇ ਦੋਸ਼ੀ ਠੇਕੇਦਾਰ ਵਿਰੁੱਧ ਕਾਨੂੰਨੀ ਕਾਰਵਾਈ ਅਮਲ ਵਿੱਚ ਨਾ ਲਿਆਂਦੀ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਧਾਰਮਿਕ ਕੰਮਾਂ ਲਈ ਅੱਗੇ ਆਉਣ ਨੌਜਵਾਨ : ਤਾਇਲ

ਭੀਖੀ, (ਧਰਮਵੀਰ ਸ਼ਰਮਾ) ਸ਼੍ਰੀ ਦੁਰਗਾ ਮੰਦਰ ਰਾਮ ਬਾਗ ਰੋਡ ਤੇ ਸ਼੍ਰੀ ਦੁਰਗਾ ਅਸ਼ਟਮੀ ਦੀ ਪੂਰਵ ਸੰਧਿਆ ਮੌਕੇ ਆਰਤੀ ਦੀ ਰਸਮ ਸਹਾਰਾ ਕਲੱਬ ਦੇ ਪ੍ਰਧਾਨ ਵੇਦ ਤਾਇਲ ਨੇ ਪਰਵਾਰ ਸਮੇਤ ਨਿਭਾਈ, ਜਿਸ ਨੂੰ ਪੰਡਤ ਵਿਸ਼ਨੂੰ ਅਚਾਰੀਆ ਨੇ ਵਿਧੀ ਪੂਰਵਕ ਸੰਪੰਨ ਕਰਾਇਆ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਕੁੱਖ ਅਤੇ ਰੁੱਖ ਬਚਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਨੌਜਵਾਨ ਵਰਗ ਦਾ ਧਾਰਮਿਕ ਕੰਮਾਂ ਲਈ ਅੱਗੇ ਆਉਣਾ ਸ਼ੁੱਭ ਸੰਕੇਤ ਹੈ, ਜੋ ਨੌਜਵਾਨ ਵਰਗ ਅੰਦਰ ਨਵੀਂ ਦਿਸ਼ਾ ਪ੍ਰਦਾਨ ਕਰਦਾ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਧਾਰਮਿਕ ਕੰਮਾਂ ਵਿੱਚ ਵੀ ਵਧ-ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ ਤਾਂ ਜੁ ਅਸੀਂ ਆਪਣੇ ਧਰਮ ਤੇ ਵਿਰਸੇ ਪ੍ਰਤੀ ਜਾਗਰੂਕ ਹੋ ਸਕੀਏ। ਇਸ ਮੌਕੇ ਮੰਦਰ ਕਮੇਟੀ ਪ੍ਰਧਾਨ ਵਿਕਾਸ ਸ਼ਰਮਾ ਵਿੱਕੀ ਵੱਲੋਂ ਤਾਇਲ ਪਰਵਾਰ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਤੋਂ ਬਾਅਦ ਰਾਤ ਸਮੇਂ ਮਾਤਾ ਜੀ ਦੀ ਚੌਂਕੀ ਵੀ ਮੰਦਰ ਵਿਖੇ ਲਾਈ ਗਈ। ਸ਼੍ਰੀ ਦੁਰਗਾ ਮੰਦਰ ਕਮੇਟੀ ਨੇ ਜਾਗਰਣ ਦੌਰਾਨ ਮਾਤਾ ਦਾ ਗੁਨਗਾਣ ਕੀਤਾ। ਇਸ ਮੌਕੇ ਲੰਗਰ ਵੀ ਅਤੁੱਟ ਵਰਤਾਇਆ ਗਿਆ। ਇਸ ਮੌਕੇ ਪ੍ਰਧਾਨ ਵਿਕਾਸ ਸ਼ਰਮਾ ਵਿੱਕੀ, ਬਾਵਾ ਹਰਬੰਸ ਦਾਸ, ਸੰਦੀਪ ਸੈਂਟੀ, ਜਨਕ ਰਾਜ ਰੰਗ ਵਾਲਾ, ਵਿਨੋਦ ਕੁਮਾਰ ਵਿੱਕੀ, ਨਵਜੀਤ ਰਿਖੀ, ਮਨੂੰ ਰਿਸ਼ੀ, ਗੁਰਦੀਪ ਸ਼ਾਰਦਾ, ਰਛਪਾਲ ਸਿੰਘ ਟੈਣੀ, ਬਿੱਟੂ ਰਿਸ਼ੀ, ਮਨੋਹਰ ਰਿਸ਼ੀ, ਠੇਕੇਦਾਰ ਸੋਮਨਾਥ ਸਿੰਗਲਾ, ਸਹਾਇਕ ਮੈਨੇਜਰ ਸਾਰਿਕਾ ਤਾਇਲ ਤੇ ਬੀਮਾ ਸਲਾਹਕਾਰ ਸੰਦੀਪ ਤਾਇਲ ਵੀ ਹਾਜ਼ਰ ਸਨ।

ਜੀਤ ਮਹਿੰਦਰ ਸਿੰਘ ਸਿੱਧੂ ਪਹੁੰਚੇ ਕਾਂਗਰਸ ਭਵਨ, ਜ਼ਿਲ੍ਹਾ ਸ਼ਹਿਰੀ ਲੀਡਰਸ਼ਿਪ ਨੇ ਕੀਤਾ ਸਵਾਗਤ

ਬਠਿੰਡਾ (ਪਰਵਿੰਦਰ ਜੀਤ ਸਿੰਘ) ਕਾਂਗਰਸ ਪਾਰਟੀ ਵੱਲੋਂ ਲੋਕ ਸਭਾ ਹਲਕਾ ਬਠਿੰਡਾ ਤੋਂ ਐਲਾਨੇ ਉਮੀਦਵਾਰ ਸਾਬਕਾ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਕਾਂਗਰਸ ਭਵਨ ਵਿਖੇ ਪਹੁੰਚੇ, ਜਿੱਥੇ ਜ਼ਿਲ੍ਹਾ ਪ੍ਰਧਾਨ ਰਾਜਨ ਗਰਗ, ਸੀਨੀਅਰ ਡਿਪਟੀ ਮੇਅਰ ਅਸ਼ੋਕ ਕੁਮਾਰ, ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਕੇਕੇ ਅਗਰਵਾਲ, ਪੀਪੀਸੀ ਡੈਲੀਗੇਟ ਪਵਨ ਮਾਨੀ, ਟਹਿਲ ਸਿੰਘ ਸੰਧੂ, ਮੀਤ ਪ੍ਰਧਾਨ ਰੁਪਿੰਦਰ ਬਿੰਦਰਾ, ਸੀਨੀਅਰ ਮੀਤ ਪ੍ਰਧਾਨ ਕਿਰਨਦੀਪ ਕੌਰ ਵਿਰਕ ਦੀ ਅਗਵਾਈ ਵਿੱਚ ਸਮੁੱਚੀ ਕਾਂਗਰਸ ਲੀਡਰਸ਼ਿਪ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਧਾਨ ਬਲਰਾਜ ਪੱਕਾ, ਟਹਿਲ ਸਿੰਘ ਬੁੱਟਰ ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਠੇਕੇਦਾਰ, ਸੁਖਦੇਵ ਸਿੰਘ ਸੁੱਖਾ, ਬਲਜੀਤ ਸਿੰਘ ਭੰਗੂ ਸਾਧੂ ਸਿੰਘ ਐਮਸੀ ਸਮੇਤ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਵੱਖ-ਵੱਖ ਵਿੰਗਾਂ ਦੇ ਅਹੁਦੇਦਾਰ ਅਤੇ ਕੌਂਸਲਰ ਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ, ਜਿਨ੍ਹਾਂ ਨੇ ਜੀਤ ਮਹਿੰਦਰ ਸਿੰਘ ਸਿੱਧੂ ਦਾ ਸਵਾਗਤ ਕੀਤਾ ਤੇ ਇਸ ਚੋਣ ਵਿੱਚ ਭਰਵਾਂ ਸਹਿਯੋਗ ਦੇਣ ਦਾ ਵਿਸ਼ਵਾਸ ਦਵਾਇਆ।

ਜੀਤ ਮਹਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਦਿੱਤੇ ਮਾਣ ਲਈ ਉਹ ਹਮੇਸ਼ਾ ਧੰਨਵਾਦ ਰਹਿਣਗੇ ਤੇ ਸਮੁੱਚੀ ਕਾਂਗਰਸ ਪਾਰਟੀ ਇਹ ਚੋਣ ਦੇਸ਼ ਦੇ ਹਿੱਤ ਵਿੱਚ ਇੱਕਜੁਟ ਹੋ ਕੇ ਲੜੇਗੀ। ਪਾਰਟੀ ਵਿੱਚ ਕੋਈ ਧੜੇਬੰਦੀ ਨਹੀਂ। ਹਰ ਵਰਕਰ ਦਾ ਮਕਸਦ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਬਣਾਉਣਾ ਹੈ ਤੇ 10 ਸਾਲ ਤੋਂ ਜੁਮਲੇ ਦੇ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਾਸੇ ਕਰਨਾ ਹੈ, ਜਿਸ ਲਈ ਹਰ ਵਰਕਰ ਜੀਅ ਜਾਨ ਨਾਲ ਕੰਮ ਕਰੇਗਾ।ਇਸ ਮੌਕੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਇਹ ਬਿਆਨ ਦੇਣਾ ਕਿ ਜੀਤ ਮਹਿੰਦਰ ਸਿੰਘ ਸਿੱਧੂ ਪਾਰਟੀ ਵੱਲੋਂ ਕੱਢੇ ਹੋਏ ਕੈਂਡੀਡੇਟ ਹਨ, ਦਾ ਗੰਭੀਰ ਨੋਟਸ ਲੈਂਦਿਆਂ ਜੀਤ ਮਹਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢਣਾ ਏਨਾ ਸੌਖਾ ਨਹੀਂ। ਉਨ੍ਹਾਂ ਕਿਹਾ ਕਿ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਪਹਿਲਾਂ ਇਹ ਕਲੀਅਰ ਕਰਨ ਕਿ ਕਿੱਥੋਂ ਚੋਣ ਲੜਨਗੇ, ਕਿਉਂਕਿ ਪਹਿਲੀ ਲਿਸਟ ਵਿੱਚ ਨਾਂਅ ਨਾ ਆਉਣਾ ਖਤਰੇ ਦੀ ਘੰਟੀ ਹੈ ਕਿਉਂਕਿ ਉਹ ਖੁਦ ਵੀ ਮਨ ਚੁੱਕੇ ਹਨ ਕਿ ਜੇ ਪਾਰਟੀ ਕਹੇਗੀ ਤਾਂ ਚੋਣ ਲੜੇਗੀ। ਜਿਸ ਤੋਂ ਪਤਾ ਲੱਗਦਾ ਹੈ ਕਿ ਬਾਦਲਾਂ ਦਾ ਬਠਿੰਡਾ ਤੋਂ ਭੱਜਣਾ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਹੈ।

ਵੋਟਾਂ ਵਾਲੇ ਦਿਨ ਛਬੀਲਾਂ ਲਾਉਣ ਦੀ ਅਪੀਲ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ) ਪੰਜਾਬ 'ਚ ਵੋਟਾਂ 1 ਜੂਨ ਨੂੰ ਪੈਣਗੀਆਂ ਤੇ ਉਸ ਸਮੇਂ ਗ਼ਰਮੀ ਵੀ ਸਿਖਰ 'ਤੇ ਹੋਵੇਗੀ। ਇਸ ਦੇ ਮੱਦੇਨਜ਼ਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਆਈਏਐਸ ਨੇ ਜ਼ਿਲ੍ਹੇ ਦੇ ਲੋਕਾਂ ਖਾਸ ਕਰਕੇ ਗੈਰ ਸਿਆਸੀ ਸੰਗਠਨਾਂ, ਐਨਜੀਓ, ਯੂਥ ਕਲੱਬਾਂ, ਗੁਰਦੁਆਰਾ/ਮੰਦਰ ਕਮੇਟੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਮਤਦਾਨ ਦੇ ਦਿਨ 1 ਜੂਨ ਨੂੰ ਆਪਣੇ ਆਪਣੇ ਪਿੰਡ ਜਾਂ ਵਾਰਡ ਦੇ ਪੋਲਿੰਗ ਬੂਥ ਤੇ ਠੰਡੇ ਮਿੱਠੇ ਪਾਣੀ ਦੀਆਂ ਛਬੀਲਾਂ ਲਾਉਣ।

ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਮਜਬੂਤੀ ਲਈ ਜ਼ਰੂਰੀ ਹੈ ਕਿ ਲੋਕ ਵੱਧ ਤੋਂ ਵੱਧ ਮਤਦਾਨ ਕਰਨ। ਇਸ ਲਈ ਜਿੱਥੇ ਚੋਣ ਕਮਿਸ਼ਨ ਵੱਲੋਂ ਪੋਲਿੰਗ ਬੂਥਾਂ ਤੇ ਸਾਰੀਆਂ ਸਹੂਲਤਾਂ ਦੇ ਇੰਤਜ਼ਾਮ ਕੀਤੇ ਜਾ ਰਹੇ ਹਨ, ਉਥੇ ਹੀ ਜੇਕਰ ਇਸ ਦੇਸ਼ ਦੇ ਨਾਗਰਿਕ ਵੀ ਲੋਕਤੰਤਰ ਦੇ ਇਸ ਤਿਉਹਾਰ ਨੂੰ ਯਾਦਗਾਰੀ ਬਣਾਉਣ ਲਈ ਅੱਗੇ ਆਉਣ ਤਾਂ ਬਹੁਤ ਚੰਗਾ ਹੋਵੇਗਾ।

ਡੀ.ਸੀ. ਨੇ ਕਿਹਾ ਕਿ ਕੋਈ ਵੀ ਗੈਰ ਸਿਆਸੀ ਸੰਗਠਨਾਂ, ਐਨਜੀਓ, ਯੂਥ ਕਲੱਬਾਂ, ਗੁਰਦੁਆਰਾ/ਮੰਦਰ ਕਮੇਟੀਆਂ ਆਪਣੇ ਨੇੜੇ ਦੇ ਪੋਲਿੰਗ ਬੂਥ ਤੇ ਇਸ ਤਰ੍ਹਾਂ ਦੀ ਠੰਡੇ ਮਿੱਠੇ ਪਾਣੀ ਦੀ ਛਬੀਲ ਲਾਉਣਾ ਚਾਹੁੰਦਾ ਹੈ, ਉਹ ਆਪਣੇ ਬੂਥ ਦੇ ਬੀਐਲਓ ਨਾਲ ਰਾਬਤਾ ਕਰ ਸਕਦਾ ਹੈ ਜਾਂ ਜ਼ਿਲ੍ਹਾ ਪੱਧਰੀ ਚੋਣ ਕਮਿਸ਼ਨ ਦੇ ਹੈਲਪਲਾਈਨ ਨੰਬਰ 1950 'ਤੇ ਕਾਲ ਕਰਕੇ ਆਪਣੇ ਵੇਰਵੇ ਦਰਜ ਕਰਾ ਸਕਦਾ ਹੈ।

ਕਾਂਗਰਸ ਨੂੰ ਝਟਕਾ, ਵੱਡੀ ਗਿਣਤੀ ਮੁਸਲਮ ਭਾਈਚਾਰੇ ਦੇ ਲੋਕ 'ਆਪ' 'ਚ ਸ਼ਾਮਲ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਧੂਰੀ ਵਿਖੇ ਕਾਂਗਰਸ ਪਾਰਟੀ ਨੂੰ ਉਸ ਸਮੇਂ ਭਾਰੀ ਝਟਕਾ ਲੱਗਿਆ, ਜਦੋਂ ਵੱਡੀ ਗਿਣਤੀ ਵਿੱਚ ਮੁਸਲਮਾਨ ਭਾਈਚਾਰੇ ਦੇ ਲੋਕ ਜਾਮਾ ਮਸਜਿਦ ਧੂਰੀ ਵਿਖੇ ਸੌਦਾਗਰ ਖਾਨ ਗਾਗੋ ਪ੍ਰਧਾਨ ਜਾਮਾ ਮਸਜਿਦ ਵੈਲਫੇਅਰ ਕਮੇਟੀ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓ ਐੱਸ ਡੀ ਪ੍ਰੋ. ਓਂਕਾਰ ਸਿੰਘ ਸਿੱਧੂ ਨੇ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਹੋ ਰਹੇ ਸਰਵਪੱਖੀ ਵਿਕਾਸ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਲੋਕਾਂ ਲਈ ਚਲਾਈਆਂ ਗਈਆਂ ਲਾਹੇਬੰਦ ਸਕੀਮਾਂ ਤੋਂ ਖੁਸ਼ ਹਨ ਤੇ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀਆਂ 13 ਦੀਆਂ 13 ਲੋਕ ਸਭਾ ਸੀਟਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜੇਤੂ ਬਣਾਉਣਗੇ।ਇਸ ਮੌਕੇ ਉਨ੍ਹਾਂ ਨਾਲ ਅੰਮ੍ਰਿਤ ਬਰਾੜ ਇੰਚਾਰਜ ਮੁੱਖ ਮੰਤਰੀ ਕੈਂਪਸ ਧੂਰੀ, ਡਾ. ਅਨਵਰ ਭਸੌੜ ਮੈਂਬਰ ਵਕਫ਼ ਬੋਰਡ ਪੰਜਾਬ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰ, ਅਮਰਦੀਪ ਸਿੰਘ ਧਾਂਦਰਾ, ਵਰਿੰਦਰ ਧਾਲੀਵਾਲ, ਸਿਕੰਦਰ ਘਨੌਰ ਤੇ ਸੁਦਾਗਰ ਖਾਨ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਮੁਸਲਮਾਨ ਭਾਈਚਾਰੇ ਦੇ ਲੋਕ ਹਾਜ਼ਰ ਸਨ।

32 ਸਰਕਾਰੀ ਨੌਕਰੀਆਂ ਮਿਲਣ ਵਾਲੇ ਪਿੰਡ ਸੀਂਗੋ 'ਚ 'ਆਪ' ਨੇ ਕੀਤੀ ਭਰਵੀਂ ਚੋਣ ਰੈਲੀ

ਤਲਵੰਡੀ ਸਾਬੋ (ਜਗਦੀਪ ਗਿੱਲ)-ਪੰਜਾਬ ਦੀ ਭਗਵੰਤ ਮਾਨ ਸਰਕਾਰ ਸਿਹਤ ਸਿੱਖਿਆ ਤੇ ਰੁਜ਼ਗਾਰ ਵਰਗੇ ਭੱਖਦੇ ਅਤੇ ਪਿਛਲੀਆਂ ਸਰਕਾਰਾਂ ਮੌਕੇ ਅਣਗੌਲੇ ਰਹਿ ਜਾਂਦੇ ਰਹੇ ਮੁੱਦਿਆਂ ਵੱਲ ਵਿਸ਼ੇਸ਼ ਧਿਆਨ ਕੇਂਦਰਿਤ ਕਰਕੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਿਰ ਤੋੜ ਯਤਨ ਕਰ ਰਹੀ ਹੈ। ਇਹ ਵਿਚਾਰ ਲੋਕ ਸਭਾ ਹਲਕਾ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਖੇਤੀ ਮੰਤਰੀ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਨੇ ਪਿੰਡ ਸੀਂਗੋ ਦੀ ਸੱਥ ਵਿੱਚ ਜੁੜੇ ਇੱਕ ਭਰਮੇ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।ਉਨਾਂ ਕਿਹਾ ਕਿ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦਾ ਪਿੰਡ ਸੀਂਗੋ ਉਹ ਪਿੰਡ ਹੈ ਜਿੱਥੋਂ ਦੇ ਹੋਣਹਾਰ ਮੁੰਡੇ ਕੁੜੀਆਂ ਨੇ ਮੈਰਿਟ ਦੇ ਅਧਾਰ ਤੇ ਵੱਖ ਵੱਖ ਮਹਿਕਮਿਆਂ ਵਿੱਚ 32 ਸਰਕਾਰੀ ਨੌਕਰੀਆਂ ਹਾਲ ਹੀ ਵਿੱਚ ਹਾਸਲ ਕੀਤੀਆਂ ਹਨ, ਅਤੇ ਸਾਡੇ ਲਈ ਮਾਣ ਵਾਲੀ ਗੱਲ ਇਹ ਵੀ ਹੈ ਕਿ ਅਜਿਹਾ ਕਰਦਿਆਂ ਇਹਨਾਂ ਬੱਚੇ ਬੱਚੀਆਂ ਨੂੰ ਕਿਸੇ ਸਰਕਾਰੀ ਅਧਿਕਾਰੀ

ਜਾਂ ਸਿਆਸੀ ਨੇਤਾ ਦੀ ਜੇਬ ਵੀ ਭਾਰੀ ਨਹੀਂ ਕਰਨੀ ਪਈ।ਉਨ੍ਹਾਂ ਹੋਰ ਦੱਸਿਆ ਕਿ ਇੱਥੇ ਹੀ ਇੱਕ ਭੋਲਾ ਸਿੰਘ ਨਾਂਅ ਦਾ ਉਹ ਸ਼ਖਸ ਵੀ ਮੌਜੂਦ ਹੈ, ਜਿਸ ਦੇ ਇੱਕੋ ਪਰਵਾ

18-April-PAGE-8.qxd 4/17/2024 10:42 PM Page 1

ਗਲੇ 'ਤੇ ਚਾਕੂ ਰੱਖ ਕੇ ਲੁੱਟ ਦੀ ਕੀਤੀ ਕੋਸ਼ਿਸ਼

ਪੀੜਤ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ।

ਨੰਗਲ (ਸੁਰਜੀਤ ਸਿੰਘ) ਨੰਗਲ 'ਚ ਹੋਏ ਦਿਨ ਦਿਹਾੜੇ ਕਤਲ ਤੋਂ ਬਾਅਦ ਕ੍ਰਾਈਮ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਬੀਤੀ ਸ਼ਾਮ ਨੰਗਲ ਦੇ ਸਤਿਸੰਗ ਘਰ ਮਾਰਗ 'ਤੇ ਹੋਈ ਵਾਰਦਾਤ ਦਾ ਮਾਮਲਾ ਹੁਣ ਪ੍ਰਸ਼ਾਸ਼ਨ ਲਈ ਵੱਡੀ ਪਰੇਸ਼ਾਨੀ ਬਣਦਾ ਜਾ ਰਿਹਾ ਹੈ। 2 ਦਿਨ ਪਹਿਲਾਂ ਇਲਾਕੇ ਦੇ ਪ੍ਰਮੁੱਖ ਬਾਜਾਰ ਵਿੱਚ ਦਿਨ ਦਹਾੜੇ ਵਿਸ਼ਵ ਹਿੰਦੂ ਪਰਿਸ਼ਦ ਨੰਗਲ ਪ੍ਰਧਾਨ ਦੀ ਸਿਰ ਵਿੱਚ ਗੋਲੀ ਮਾਰ ਕੇ ਉਸਦੀ ਹੱਤਿਆ ਕਰ ਦਿੱਤੀ ਗਈ ਸੀ। ਜ਼ਿਲ੍ਹਾ ਪੁਲਸ ਮੁਖੀ ਨੇ ਨੰਗਲ ਥਾਣਾ ਮੁਖੀ ਦਾ ਤਬਾਦਲਾ ਕਰ ਦਿੱਤਾ ਸੀ ਤੇ ਡੀਐਸਪੀ ਪੱਧਰ ਦੇ ਅਧਿਕਾਰੀ ਦੀ ਤੈਨਾਤੀ ਕੀਤੀ ਗਈ ਪਰ ਫਿਲਹਾਲ ਇਸਦਾ ਕੋਈ ਅਸਰ ਨਜ਼ਰ ਨਹੀਂ ਆ ਰਿਹਾ। ਬੀਤੀ ਸ਼ਾਮ ਪਿੰਡ ਮੇਘਪੁਰ ਦਾ ਵਸਨੀਕ ਅਸ਼ਵਨੀ ਕੁਮਾਰ ਜਦੋਂ ਆਪਣੇ ਘਰ ਨੂੰ ਵਾਪਿਸ ਜਾ ਰਿਹਾ ਸੀ ਤਾਂ ਉਸਦੇ ਗਲੇ 'ਤੇ ਚਾਕੂ ਰੱਖ ਕੇ ਲੁੱਟ ਦੀ ਕੋਸ਼ਿਸ਼ ਕੀਤੀ ਗਈ। ਲੁਟੇਰੇ ਨੇ ਅਸ਼ਵਨੀ ਕੁਮਾਰ ਤੋਂ ਆਪਣੀ ਪਤਨੀ ਦੇ ਬੀਮਾਰ ਹੋਣ ਦਾ ਬਹਾਨਾ ਲਗਾਉਂਦਿਆਂ ਲਿਫਟ ਮੰਗੀ ਸੀ ਅਤੇ ਸੁੰਨਸਾਨ ਰਸਤਾ ਆਉਂਦੇ ਹੀ ਉਸਨੇ ਨੌਜਵਾਨ ਦੇ ਗਲੇ 'ਤੇ ਚਾਕੂ ਰੱਖ ਦਿੱਤਾ। ਲੁਟੇਰੇ ਨੇ ਵਾਰਦਾਤ ਨੂੰ ਅੰਜਾਮ ਦੇਣ ਸਮੇਂ ਇਹ ਵੀ ਕਿਹਾ ਕਿ ਰੇਲਵੇ ਰੋਡ ਕਤਲ ਕਾਂਡ ਦਾ ਮਾਮਲਾ ਤਾਂ ਤੈਨੂੰ ਪਤਾ ਹੀ ਹੋਣਾ, ਚੁੱਪਚਾਪ ਜੋ ਕੁਝ ਹੈ, ਮੇਰੇ ਹਵਾਲੇ ਕਰ ਦੇ। ਨੌਜਵਾਨ ਵੱਲੋਂ ਬਹਾਦੁਰੀ ਦਿਖਾਏ ਜਾਣ ਤੋਂ ਬਾਅਦ ਉਹ ਲੁੱਟ ਹੋਣ ਤੋਂ ਬੱਚ ਗਿਆ। ਫਿਲਹਾਲ ਪੁਲਸ ਮਾਮਲੇ ਦੀ ਤਫਤੀਸ਼ ਕਰ ਰਹੀ ਹੈ।

ਕਮਿਸ਼ਨਰੇਟ ਪੁਲਸ ਨੇ 40 ਕਿਲੋ ਤੋਂ ਵੱਧ ਨਸ਼ੀਲੇ ਪਦਾਰਥਾਂ ਨੂੰ ਕੀਤਾ ਨਸ਼ਟ

ਜਲੰਧਰ, (ਸ਼ੈਲੀ ਐਲਬਰਟ)

ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਪੁਲਸ ਨੇ ਬੁੱਧਵਾਰ ਨੂੰ ਸਮੱਗਲਰਾਂ ਪਾਸੋਂ ਜ਼ਬਤ ਕੀਤੇ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਦਾ ਨਿਪਟਾਰਾ ਕੀਤਾ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਨਸ਼ਿਆਂ ਖਿਲਾਫ ਵਿੱਢੀ ਜੰਗ ਦੌਰਾਨ ਪੁਲਸ ਨੇ ਨਸ਼ਾ ਤਸਕਰਾਂ ਖਿਲਾਫ ਵੱਖ-ਵੱਖ ਮੁਕੱਦਮੇ ਦਰਜ ਕਰਕੇ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ। ਉਨ੍ਹਾਂ ਕਿਹਾ ਕਿ ਐਨ.ਡੀ.ਪੀ.ਐਸ. ਐਕਟ ਦੀ ਧਾਰਾ 52ਏ ਤਹਿਤ ਕੇਸ ਜਾਇਦਾਦ ਨੂੰ ਨਸ਼ਾ ਨਿਪਟਾਰਾ ਕਮੇਟੀ ਨਸ਼ਟ ਕਰ ਦਿੰਦੀ ਹੈ। ਉਨ੍ਹਾਂ ਦੱਸਿਆ ਕਿ ਨਸ਼ਾ ਨਿਪਟਾਰਾ ਕਮੇਟੀ ਨੇ ਪਿੰਡ ਬੀੜ ਵਿੱਚ ਨਸ਼ੇ ਦੀ ਜਾਇਦਾਦ ਨੂੰ ਨਸ਼ਟ ਕੀਤਾ ਹੈ, ਜਿਸ ਵਿਚ 39.5 ਕਿਲੋ ਭੁੱਕੀ, 2.877 ਕਿਲੋ ਹੈਰੋਇਨ, 212 ਗੋਲੀਆਂ, 288 ਕੈਪਸੂਲ ਅਤੇ 90 ਗ੍ਰਾਮ ਆਈਸ ਸ਼ਾਮਲ ਹੈ। ਸਵਪਨ ਸ਼ਰਮਾ ਨੇ ਨਸ਼ਿਆਂ ਵਿਰੁੱਧ ਵਿੱਢੀ ਜੰਗ ਵਿੱਚ ਆਮ ਲੋਕਾਂ ਤੋਂ ਪੂਰਨ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਜਲੰਧਰ ਨੂੰ ਨਸ਼ਾ ਮੁਕਤ ਜ਼ਿਲ੍ਹਾ ਬਣਾਉਣ ਦਾ ਮਿਸ਼ਨ ਉਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਪੂਰਾ ਨਹੀਂ ਕੀਤਾ ਜਾ ਸਕਦਾ।

ਦੋ ਸਾਲ ਬਾਅਦ ਪਤਨੀ ਨੇ ਵੀ ਨਹਿਰ 'ਚ ਛਾਲ ਮਾਰ ਕੇ ਕੀਤੀ ਖੁਦਕੁਸ਼ੀ

ਨੰਗਲ (ਸੁਰਜੀਤ ਸਿੰਘ)-ਇਲਾਕੇ ਦੇ ਮਸ਼ਹੂਰ ਕਾਰੋਬਾਰੀ ਤਜਿੰਦਰ ਸਿੰਘ ਕੋਹਲੀ, ਜਿਨ੍ਹਾਂ ਨੂੰ ਸ਼ੇਰੂ ਕੋਹਲੀ ਦੇ ਨਾਂਅ ਤੋਂ ਜਾਣਿਆਂ ਜਾਂਦਾ ਸੀ, ਨੇ ਸਾਲ 2022 ਵਿੱਚ ਨੰਗਲ ਭਾਖੜਾ ਨਹਿਰ 'ਚ ਪਿੰਡ ਬ੍ਰਹਮਪੁਰ ਨੰਗਲ ਲਾਗੇ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ ਸੀ। ਜਿਨ੍ਹਾਂ ਦੀ ਲਾਸ਼ ਕਾਫੀ ਦਿਨਾਂ ਬਾਅਦ ਗੰਗੂਵਾਲ ਗੇਟਾਂ ਲਾਗਿਓਂ ਮਿਲੀ ਸੀ। ਦੋ ਸਾਲ ਬਾਅਦ ਉਸੀ ਜਗ੍ਹਾ ਤੋਂ ਉਨ੍ਹਾਂ ਦੀ ਪਤਨੀ ਕਮਲਪ੍ਰੀਤ ਕੌਰ ਨੇ ਵੀ ਨੰਗਲ ਭਾਖੜਾ ਨਹਿਰ ਵਿੱਚ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ। ਜਿਸਦੀ ਜਾਣਕਾਰੀ ਇਲਾਕੇ ਦੇ ਉਸ ਮਸ਼ਹੂਰ ਗੋਤਾਖੋਰ ਵੱਲੋਂ ਦਿੱਤੀ ਗਈ, ਜਿਸਨੇ ਦੋਨਾਂ ਦੀਆਂ ਲਾਸ਼ਾਂ ਨੂੰ ਖ਼ੁਦ ਨਹਿਰ ਵਿੱਚ ਕੱਢਿਆ ਹੈ। ਪ੍ਰਾਪਤ ਕੀਤੀ ਜਾਣਕਾਰੀ ਮੁਤਾਬਿਕ ਸ਼ੇਰੂ ਕੋਹਲੀ ਦੀ ਪਤਨੀ ਦੇਹਾਂਤ ਤੋਂ ਬਾਅਦ ਆਪਣੇ ਮਾਪਿਆਂ ਕੋਲ ਰਹਿੰਦੀ ਸੀ। ਬੀਤੇ ਦਿਨ 15 ਅਪ੍ਰੈਲ ਨੂੰ ਉਹ ਲੁਧਿਆਣਾ ਤੋਂ ਨੰਗਲ ਆ ਗਈ ਸੀ ਤੇ ਉਸਨੇ ਨਹਿਰ ਵਿੱਚ ਛਾਲ ਮਾਰ ਦਿੱਤੀ। ਦੱਸਿਆ ਜਾ ਰਿਹਾ ਹੈ ਉਕਤ ਔਰਤ ਕੁਝ ਦਿਨਾਂ ਤੋਂ ਪਰੇਸ਼ਾਨ ਰਹਿੰਦੀ ਸੀ ਅਤੇ ਸ਼ੇਰੂ ਕੋਲ ਜਾਣ ਦੀ ਜਿੱਦ ਵੀ ਕਰਦੀ ਸੀ। ਘਰ ਤੋਂ ਦਵਾਈ ਲੈਣ ਦਾ ਬਹਾਨਾ ਲਗਾ ਕੇ ਨੰਗਲ ਆਈ ਕਮਲਪ੍ਰੀਤ ਕੌਰ ਨੇ ਨੰਗਲ ਭਾਖੜਾ ਨਹਿਰ ਵਿੱਚ ਛਾਲ ਮਾਰ ਦਿੱਤੀ। ਜਿਸਨੂੰ ਮਸ਼ਹੂਰ ਗੋਤਖੋਰ ਕਮਲਪ੍ਰੀਤ ਸੈਣੀ ਵੱਲੋਂ ਪਿੰਡ ਦੜੋਲੀ ਕੋਲ ਨਹਿਰ ਵਿੱਚ ਬਾਹਰ ਕੱਢਿਆ ਗਿਆ। 2 ਸਾਲ ਹੋਈਆਂ ਉਕਤ ਦੋਨਾਂ ਮੀਆਂ ਬੀਬੀ ਦੀ ਮੌਤ ਨੂੰ ਲੈ ਕੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ।

ਤਜਿੰਦਰ ਸਿੰਘ ਕੋਹਲੀ, ਕਮਲਪ੍ਰੀਤ ਕੌਰ ਦੀ ਫਾਇਲ ਫੋਟੋ।

ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਨੇ ਗੰਨੇ ਦੀ ਬਕਾਇਆ ਰਾਸ਼ੀ ਲਈ ਦਿੱਤਾ ਯਾਦ ਪੱਤਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਕਿਸਾਨਾਂ ਵੱਲੋਂ ਬਹੁਤ ਮਿਹਨਤ ਕਰਨ ਤੋਂ ਬਾਅਦ ਆਪਣੀ ਗੰਨੇ ਦੀ ਫਸਲ ਤਿਆਰ ਕੀਤੀ ਜਾਂਦੀ ਹੈ ਜਿਸ ਦੀ ਸਰਕਾਰ ਵੱਲੋਂ 391 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦ ਹੋਣੀ ਤੈਅ ਹੋਈ ਸੀ ਜਿਸ ਵਿੱਚੋਂ ਮਿੱਲ ਮਾਲਕਾਂ ਵੱਲੋਂ 335 ਰੁਪਏ 50 ਪੈਸੇ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਿਸਾਨਾਂ ਨੂੰ ਅਦਾਇਗੀ ਹੋ ਚੁੱਕੀ ਪਰ ਸਰਕਾਰ ਵੱਲੋਂ ਆਪਣੇ ਹਿੱਸੇ ਦੀ 55 ਰੁਪਏ 50 ਪੈਸੇ ਦੀ ਅਦਾਇਗੀ ਕਿਸਾਨਾਂ ਦੇ ਖਾਤਿਆਂ ਵਿੱਚ ਅਜੇ ਤੱਕਰ ਨਹੀਂ ਪਾਏ ਗਏ ਜਿਸ ਦੀ ਅਦਾਇਗੀ ਲਈ ਇੱਕ ਮੰਗ ਪੱਤਰ ਜ਼ਿਲ੍ਹਾ ਡਿਪਟੀ ਕਮਿਸ਼ਨਰ ਦੀ ਗੈਰ ਹਾਜ਼ਰੀ ਵਿੱਚ ਜ਼ਿਲ੍ਹਾ ਡੀ ਆਰ ਓ ਆਫਿਸਰ ਅਰਵਿੰਦ ਕੁਮਾਰ ਸ਼ਰਮਾ ਨੂੰ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਦੇ ਜਨਰਲ ਸਕੱਤਰ ਹਰਪ੍ਰੀਤ ਸਿੰਘ ਲਾਲੀ ਦੀ ਅਗਵਾਈ ਹੇਠ ਦਿੱਤਾ ਗਿਆ । ਕਿਸਾਨ ਆਗੂਆਂ ਨੇ ਕਿਹਾ ਕਿ ਗੰਨੇ ਦੀ ਫਸਲ ਨੂੰ ਤਿਆਰ ਕਰਨ ਵਿੱਚ ਕਿਸਾਨਾਂ ਦਾ ਬਹੁਤ ਖਰਚਾ ਆ ਜਾਂਦਾ ਹੈ। ਸਰਕਾਰ ਵੱਲੋਂ ਆਪਣੇ ਹਿੱਸੇ ਦੀ ਅਦਾਇਗੀ ਨਾ ਹੋਣ ਕਾਰਨ ਫਸਲ ਨੂੰ ਤਿਆਰ ਕਰਨ ਸਮੇਂ ਹੋਏ ਖਰਚਿਆਂ ਦੀ ਅਦਾਇਗੀ ਕਰਨ ਲਈ ਕਿਸਾਨਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹਨਾਂ ਨੂੰ ਬਹੁਤ ਨੁਕਸਾਨ ਝੱਲਣਾ ਪੈ ਰਿਹਾ ਸਰਕਾਰ ਵੱਲੋਂ ਤੁਰੰਤ ਉਹਨਾਂ ਦੇ ਖਾਤਿਆਂ ਵਿੱਚ ਅਦਾਇਗੀ ਕਰਨੀ ਚਾਹੀਦੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਲੋਕ ਸਭਾ ਚੋਣਾਂ ਵਿੱਚ ਉਹਨਾਂ ਦਾ ਸਖਤੀ ਨਾਲ ਵਿਰੋਧ ਕੀਤਾ ਜਾਵੇਗਾ। ਇਸ ਸਮੇਂ ਮਨਜੀਤ ਸਿੰਘ ਲੰਬੜਦਾਰ, ਬਲਦੇਵ ਸਿੰਘ ਅਸਲਪੁਰ, ਗੁਰਨਾਮ ਸਿੰਘ ਸਿੰਗੜੀਵਾਲਾ, ਸੁਖਦੇਵ ਸਿੰਘ ਕਾਹਰੀ,ਜਸਪਾਲ ਸਿੰਘ ਰਾਜਾ, ਜਗਤ ਸਿੰਘ ਲੰਬੜਦਾਰ, ਕੁਲਵੰਤ ਸਿੰਘ ਪਟਵਾਰੀ ਆਦਿ ਹਾਜ਼ਰ ਸਨ।

ਜਲੰਧਰ ਬਣੇਗਾ ਪੰਜਾਬ ਦੀ ਦੂਜੀ ਰਾਜਧਾਨੀ : ਚੰਨੀ

ਜਲੰਧਰ (ਇਕਬਾਲ ਸਿੰਘ ਉੱਭੀ)

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਸਥਾਨਕ ਕਾਂਗਰਸ ਭਵਨ ਵਿਖੇ ਨੇਤਾਵਾਂ ਤੇ ਵਰਕਰਾਂ ਨਾਲ ਮੀਟਿੰਗ ਕਰਨ ਪੁੱਜੇ ਤੇ ਪਾਰਟੀ ਦੇ ਨੇਤਾਵਾਂ ਤੇ ਵਰਕਰਾਂ ਨੂੰ ਮਜ਼ਬੂਤੀ ਦੇ ਨਾਲ ਇਹ ਚੋਣ ਲੜਨ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਉਹ ਸੁਦਾਮਾ ਬਣ ਕੇ ਜਲੰਧਰ ਆਏ ਹਨ ਲੋਕ ਸ਼੍ਰੀ ਕ੍ਰਿਸ਼ਨ ਬਣਕੇ ਉਨ੍ਹਾਂ ਨੂੰ ਆਪਣਾ ਆਸ਼ੀਰਵਾਦ ਰੱਖਣਗੇ। ਉਹਨਾਂ ਜਲੰਧਰ ਦੇ ਲੋਕਾਂ ਨੂੰ ਕਿਹਾ ਕਿ ਲੋਕ ਵਾਰ ਵਾਰ ਪਾਰਟੀਆਂ ਬਲਦਣ ਵਾਲੇ ਲੀਡਰਾਂ ਨੂੰ ਮੂੰਹ ਨਾ ਲਗਾਉਣ । ਜੋ ਲੀਡਰ ਆਪਣੀ ਮਾਂ ਪਾਰਟੀ ਦੇ ਨਹੀਂ ਬਣ ਸਕੇ ਲੋਕਾਂ ਦੇ ਕੀ ਬਣਨਗੇ। ਚੰਨੀ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਇੱਕ ਹਫਤੇ ਬਾਅਦ ਹੀ ਪੰਜਾਬ ਸਰਕਾਰ ਆਪਣੇ ਭਾਰ ਨਾਲ ਹੀ ਗਿਰ ਜਾਵੇਗੀ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਦੇ ਨਾਲ ਨਾਲ ਜਲੰਧਰ ਨੂੰ ਪੰਜਾਬ ਦੀ ਦੂਜੀ ਰਾਜਧਾਨੀ ਬਣਾਇਆ ਜਾਵੇਗਾ ਤੇ ਇੱਥੋਂ ਵੀ ਸਰਕਾਰ ਦਾ ਕੰਮ ਕਾਜ ਚੱਲੇਗਾ।ਉਹਨਾਂ ਕਿਹਾ ਕਿ ਮੇਰੀ ਵਿਕਾਸ ਕਰਨ ਦੀ ਨੀਅਤ ਹੈ ਤੇ ਮੈਂ ਕੰਮ ਕਰਕੇ ਦਿਖਾਇਆ ਵੀ ਹੈ, ਜਦ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਸਾਲ ਪਹਿਲਾਂ ਉੱਪ ਚੋਣਾਂ ਵਿੱਚ ਦਾਅਵਾ ਕੀਤਾ ਸੀ ਕਿ ਇੱਕ ਸਾਲ 'ਚ ਉਹ ਜਲੰਧਰ ਹਲਕੇ ਦੀ ਕਾਇਆ ਕਲਪ ਕਰਨ ਦੇਣਗੇ ,ਪਰ ਸਰਕਾਰ ਬਣੀ ਨੂੰ ਦੋ ਸਾਲ ਹੋਣ ਦੇ ਬਾਵਜੂਦ ਉਹ ਕਿਸੇ ਵੀ ਵਾਅਦੇ ਨੂੰ ਪੂਰਾ ਨਹੀ ਕਰ ਸਕੇ। ਜਦ ਕਿ ਹੁਣ ਸ਼ੁਸ਼ੀਲ ਰਿੰਕੂ ਅਤੇ ਪਵਨ ਟੀਨੂੰ ਆਪਣੀਆਂ ਪਾਰਟੀਆਂ ਨੂੰ ਤਲਾਂਜਲੀ ਦੇ ਚੁੱਕੇ ਹਨ ਅਤੇ ਹੁਣ ਡਰ ਤੇ ਲਾਲਚ ਵਸ ਨਵੀਆਂ ਪਾਰਟੀਆਂ 'ਚ ਸ਼ਾਮਲ ਹੋ ਚੁੱਕੇ ਹਨ ।ਉਨ੍ਹਾਂ ਨੇ ਭਾਰਤੀ ਕਾਂਗਰਸ ਦੇ ਚੋਣ ਮਨੋਰਥ ਪੱਤਰ ਦੀ ਸ਼ਲਾਘਾ ਕੀਤੀ ਅਤੇ ਇਸ ਵਿੱਚ ਮਹਿਲਾਵਾਂ, ਦਲਿਤਾਂ, ਆਦਿਵਾਸੀਆਂ ਅਤੇ ਹੋਰ ਦੱਬੇ, ਕੁਚਲੇ ਵਰਗਾਂ ਲਈ ਜੋ ਨੀਤੀਆਂ ਦਾ ਐਲਾਨ ਕੀਤਾ ਗਿਆ ਹੈ ਉਹਨਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ।ਇਸ ਮੌਕੇ 'ਤੇ ਕਾਂਗਰਸ ਪਾਰਟੀ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ, ਸਾਬਕਾ ਮੰਤਰੀ ਪਰਗਟ ਸਿੰਘ ਵਿਧਾਇਕ, ਜ਼ਿਲ੍ਹਾ ਪ੍ਰਧਾਨ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਿਧਾਇਕ,ਬਾਵਾ ਹੈਨਰੀ ਵਿਧਾਇਕ, ਸਾਬਕਾ ਵਿਧਾਇਕ ਰਜਿੰਦਰ ਬੇਰੀ, ਵਿਧਾਇਕ ਸੁਖਵਿੰਦਰ ਕੋਟਲੀ,ਨਵਜੋਤ ਸਿੰਘ ਦਹੀਆ ਹਲਕਾ ਇੰਚਾਰਜ ਨਕੋਦਰ,ਸਾਬਕਾ ਐਸ.ਐਸ.ਪੀ. ਰਜਿੰਦਰ ਸਿੰਘ ਹਲਕਾ ਇੰਚਾਰਜ ਕਰਤਾਰਪੁਰ, ਅੰਮ੍ਰਿਤਪਾਲ ਭੌਂਸਲੇ ਫਿਲੌਰ, ਸਰਪੰਚ ਸੁਖਵਿੰਦਰ ਸੁੱਖਾ ਮੁਜ਼ੱਫਰ ਪੁਰ ਸਮੇਤ ਕਾਂਗਰਸ ਦੇ ਬਲਾਕ ਪ੍ਰਧਾਨ,ਮਹਿਲਾ ਕਾਂਗਰਸ,ਯੂਥ ਕਾਂਗਰਸ ਦੇ ਆਗੂ, ਕੌਂਸਲਰ, ਪੰਚ-ਸਰਪੰਚ, ਮੈਂਬਰ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਾਜ਼ਰ ਸਨ।

ਇੰਗਲੈਂਡ ਤੋਂ ਆਏ ਤਰਲੋਚਨ ਮੁਠੱਡਾ ਦਾ ਕੀਤਾ ਸਨਮਾਨ

ਜਲੰਧਰ (ਕੇਸਰ)

ਪੰਜਾਬੀ ਸਾਹਿਤ ਸਭਾ ਗਲਾਸਗੋ ਦੀਆਂ ਸਾਹਿਤਕ ਸਭਿਆਚਾਰਕ ਅਤੇ ਸਮਾਜਕ ਸਰਗਰਮੀਆਂ ਨਾਲ ਜੁੜੇ ਲੇਖਕ, ਲੋਕ ਸਰੋਕਾਰਾਂ ਵਿਗਿਆਨਕ ਤਰਕਸ਼ੀਲ ਸੋਚ ਅਤੇ ਜਮਹੂਰੀ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਤਰਲੋਚਨ ਮੁਠੱਡਾ ਨਾਲ ਦੇਸ਼ ਭਗਤ ਯਾਦਗਾਰ ਹਾਲ ਵਿਚ ਗੰਭੀਰ ਵਿਚਾਰ-ਚਰਚਾ ਹੋਈ। ਮੁਠੱਡਾ ਨੇ ਪ੍ਰਵਾਸ ਦੇ ਦਰਦ, ਬੇਰੁਜ਼ਗਾਰੀ, ਮਹਿੰਗਾਈ, ਸਮਾਜਕ ਸਭਿਆਚਾਰਕ ਸੰਕਟ, ਮਾਨਸਿਕ ਤਣਾਅ, ਨਵੀਂ ਮਈ ਨੌਜਵਾਨ ਪੀੜ੍ਹੀ ਦੀ ਵੇਦਨਾ, ਸਾਡੇ ਇਤਿਹਾਸਕ ਵਿਰਾਸਤਮਈ ਪਿਛੋਕੜ ਅਤੇ ਬੁਰੀ ਤਰ੍ਹਾਂ ਖ਼ੁਰਦੀਆਂ ਮਾਨਵੀ ਕਦਰਾਂ ਕੀਮਤਾਂ ਵਿੱਚ ਨਪੀੜੇ ਅਤੇ ਦੇਸ਼ ਪ੍ਰਦੇਸ਼ ਦੀਆਂ ਦੋ ਬੇੜੀਆਂ 'ਚ ਫਸੇ ਪਰਵਾਰ ਕਿਹੋ ਜਿਹੇ ਅਦਿੱਖ ਸੰਤਾਪ ਦੀ ਭੱਠੀ 'ਚ ਭੁੱਜ ਰਹੇ ਹਨ, ਇਸਦੀ ਠੋਸ ਤੱਥਾਂ ਸਹਿਤ ਦਾਸਤਾਂ ਸੁਣਾਈ। ਉਨ੍ਹਾਂ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਪੰਜਾਬ ਦੀਆਂ ਸਮੂਹ ਲੋਕ-ਹਿਤੈਸ਼ੀ ਸੰਸਥਾਵਾਂ ਨੂੰ ਕਾਰਪੋਰੇਟ ਘਰਾਣਿਆਂ ਅਤੇ ਫ਼ਿਰਕੂ ਫਾਸ਼ੀ ਹੱਲੇ ਦੇ ਚੌਤਰਫ਼ੇ ਹੱਲੇ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਅਤੇ ਸੰਗਰਾਮ ਕਰਨ ਲਈ ਪ੍ਰੇਰਤ ਕਰਨ 'ਤੇ ਮੁਬਾਰਕਬਾਦ ਦਿੱਤੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਰਣਜੀਤ ਸਿੰਘ ਅੱਲਖ ਅਤੇ ਗੁਰਮੀਤ ਸਿੰਘ ਨੇ ਤਰਲੋਚਨ ਮੁਠੱਡਾ, ਉਹਨਾਂ ਦੇ ਪਿਤਾ ਪਿਆਰਾ ਲਾਲ ਅਤੇ ਭਤੀਜੇ ਨਵਦੀਪ ਦੀਪਾ ਮੁਠੱਡਾ ਨੂੰ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਤ ਕੀਤਾ।

ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਮੈਂਬਰਾਂ ਨੇ ਜੱਜਾਂ ਵਜੋਂ ਕੀਤੀ ਸ਼ਿਰਕਤ

ਜਲੰਧਰ (ਸ਼ੈਲੀ ਐਲਬਰਟ)

ਸੀਟੀ ਇੰਸਟੀਚਿਊਟ ਆਫ਼ ਲਾਅ ਨੇ ਹਾਲ ਹੀ ਵਿੱਚ ਆਪਣੇ ਮੂਟ ਕੋਰਟ ਰੂਮ ਵਿੱਚ ਇੱਕ ਅੰਤਰ-ਵਿਭਾਗੀ ਮੂਟ ਕੋਰਟ ਪ੍ਰਤੀਯੋਗਿਤਾ ਦਾ ਆਯੋਜਨ ਕੀਤਾ, ਜਿਸ ਵਿੱਚ ਵਿਦਿਆਰਥੀਆਂ ਵਲੋਂ ਕਾਨੂੰਨੀ ਹੁਨਰ ਅਤੇ ਵਕਾਲਤ ਦੇ ਹੁਨਰ ਦਾ ਪ੍ਰਦਰਸ਼ਨ ਕੀਤਾ ਗਿਆ । ਇਵੈਂਟ ਵਿੱਚ ਕੁੱਲ 16 ਟੀਮਾਂ ਦੀ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ, ਹਰ ਇੱਕ ਵਿੱਚ ਤਿੰਨ ਭਾਗੀਦਾਰ - ਦੋ ਮੂਟਰ ਅਤੇ ਇੱਕ ਖੋਜਕਰਤਾ ਸ਼ਾਮਲ ਸਨ । ਬਹਿਸ ਅਤੇ ਵਿਚਾਰ-ਵਟਾਂਦਰੇ ਦੇ ਤਿੱਖੇ ਦੌਰ ਤੋਂ ਬਾਅਦ, ਹਰਸ਼ਰਨ ਕੌਰ, ਏਕਜੋਤ ਕੌਰ ਅਤੇ ਆਯੂਸ਼ ਖੁਰਾਨਾ ਦੀ ਟੀਮ ਜੇਤੂ ਰਹੀ। ਇਸ ਦੌਰਾਨ ਸ਼ਲਾਘਾਯੋਗ ਪ੍ਰਦਰਸ਼ਨ ਕਰਕੇ ਬਬੀਤਾ, ਕੋਮਲ ਅਤੇ ਅਰਸ਼ਦੀਪ ਕੌਰ ਨੂੰ ਫਸਟ

18-April-PAGE-9.qxd 4/17/2024 10:42 PM Page 1

ਦਾਰਾਪੁਰ ਰੇਲਵੇ ਫਾਟਕ ਜ਼ਿਆਦਾਤਰ ਰਹਿੰਦਾ ਬੰਦ, ਲੋਕਾਂ ਓਵਰਬ੍ਰਿਜ ਬਣਾਉਣ ਦੀ ਕੀਤੀ ਮੰਗ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)

ਜ਼ਿਲ੍ਹਾ ਹੁਸ਼ਿਆਰਪੁਰ 'ਚ ਪੈਂਦਾ ਟਾਂਡਾ ਸ਼ਹਿਰ ਇੱਕ ਅਜਿਹਾ ਸ਼ਹਿਰ ਹੈ ਜਿਸ ਨੂੰ ਤਿੰਨੋਂ ਪਾਸੇ ਰੇਲਵੇ ਫਾਟਕਾਂ ਨੇ ਘੇਰਿਆ ਹੋਇਆ ਹੈ। ਭਾਵੇਂ ਕਿ ਸ਼ਹਿਰ ਦੇ ਇੱਕ ਜਾਜਾ ਰੇਲਵੇ ਫਾਟਕ 'ਤੇ ਕਾਫੀ ਵਕਤ ਪਹਿਲਾਂ ਓਵਰਬ੍ਰਿਜ ਬਣਾ ਦਿੱਤਾ ਗਿਆ ਸੀ ਪਰ ਬਾਕੀ ਦੋ ਪੱਖਾਂ ਤੇ ਦਾਰਾਪੁਰ ਰੇਲਵੇ ਫਾਟਕ 'ਤੇ ਓਵਰਬ੍ਰਿਜ ਨਹੀਂ ਬਣਾਏ ਗਏ ਅਤੇ ਇਨ੍ਹਾਂ ਰੇਲਵੇ ਫਾਟਕਾਂ ਤੋਂ ਕਾਫੀ ਜ਼ਿਆਦਾ ਟਰੇਨਾਂ ਲੰਘਣ ਕਾਰਨ ਇਹ ਫਾਟਕ ਅਕਸਰ ਕਾਫੀ ਸਮੇਂ ਤੱਕ ਬੰਦ ਰਹਿੰਦੇ ਹਨ। ਜਿਸ ਕਾਰਨ ਟਾਂਡਾ ਇਲਾਕਾ ਨਿਵਾਸੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ੍ਰੀ ਹਰਗੋਬਿੰਦਪੁਰ ਬਿਆਸ ਪੁਲ ਚਾਲੂ ਹੋ ਜਾਣ ਉਪਰੰਤ ਅੰਮ੍ਰਿਤਸਰ, ਬਟਾਲਾ ਅਤੇ ਗੁਰਦਾਸਪੁਰ ਤੋਂ ਜ਼ਿਆਦਾ ਟਰੈਫਿਕ ਆਉਣ ਕਾਰਨ ਇਨ੍ਹਾਂ ਫਾਟਕਾਂ ਦੇ ਬੰਦ ਹੋਣ 'ਤੇ ਕਾਫੀ ਲੰਬੀਆਂ ਲਾਈਨਾਂ ਲੱਗ ਜਾਂਦੀਆਂ ਹਨ। ਦਾਰਾਪੁਰ ਫਾਟਕ 'ਤੇ ਓਵਰਬ੍ਰਿਜ ਬਣਾਉਣ ਲਈ ਸ਼ਹਿਰ ਨਿਵਾਸੀਆਂ ਵੱਲੋਂ ਕਈ ਵਾਰ ਕੇਂਦਰ ਸਰਕਾਰ ਅਤੇ ਰੇਲਵੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਅਪੀਲਾਂ ਕੀਤੀਆਂ ਜਾ ਚੁੱਕੀਆਂ ਹਨ ਪਰ ਅੱਜ ਤੱਕ ਕੇਂਦਰ ਸਰਕਾਰ ਤੇ ਰੇਲਵੇ ਵਿਭਾਗ ਦੇ ਕੰਨ 'ਤੇ ਜੂੰ ਨਹੀਂ ਸਰਕੀ। ਸ਼ਿਵ ਸੈਨਾ ਪੰਜਾਬ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ ਦਾ ਕਹਿਣਾ ਹੈ ਕਿ ਟਾਂਡਾ ਸ਼ਹਿਰ ਦਾ ਦਾਰਾਪੁਰ ਫਾਟਕ ਇਕ ਅਹਿਮ ਫਾਟਕ ਹੈ ਕਿਉਂਕਿ ਜਾਜਾ ਓਵਰਬ੍ਰਿਜ 'ਤੇ ਅਕਸਰ ਜਾਮ ਲੱਗੇ ਰਹਿਣ ਕਾਰਨ ਲੋਕ ਦਸੂਹਾ, ਮੁਕੇਰੀਆਂ, ਤਲਵਾੜਾ ਆਦਿ ਤੋਂ ਇਲਾਵਾ ਆਪਣੇ ਪਿੰਡਾਂ ਨੂੰ ਜਾਣ ਲਈ ਆਪਣੇ ਵਹੀਕਲ ਤੇ

ਦਾਰਾਪੁਰ ਫਾਟਕ ਦੀ ਤਰਫ ਆ ਜਾਂਦੇ ਹਨ ਪਰ ਇਹ ਫਾਟਕ ਜ਼ਿਆਦਾਤਰ ਬੰਦ ਹੋਣ ਕਾਰਨ ਇਸ ਫਾਟਕ ਤੇ ਵਹੀਕਲਾਂ ਦੀਆਂ ਲੰਬੀਆਂ ਕਤਾਰਾਂ ਲੱਗ ਜਾਂਦੀਆਂ ਹਨ ਤੇ ਲੋਕਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਿਵ ਸ਼ਕਤੀ ਮੰਦਰ ਜਾਜਾ ਦੇ ਮੁੱਖ ਸੇਵਾਦਾਰ ਰਾਹੁਲ ਖੰਨਾ ਦਾ ਕਹਿਣਾ ਹੈ ਕਿ ਕੇਂਦਰ ਦੇ ਰੇਲਵੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਕਈ ਵਾਰ ਲਿਖਤੀ ਅਪੀਲਾਂ ਕੀਤੀਆਂ ਜਾ ਚੁੱਕੀਆਂ ਹਨ ਕਿ ਦਾਰਾਪੁਰ ਫਾਟਕ 'ਤੇ ਜ਼ਿਆਦਾਤਰ ਸਮੇਂ ਤੱਕ ਬੰਦ ਰਹਿਣ ਕਾਰਨ ਕਈ ਵਾਰ ਮਰੀਜ਼ਾਂ ਨੂੰ ਲੈ ਕੇ ਜਾਣ ਵਾਲੀਆਂ ਐਂਬੂਲੈਂਸਾਂ ਵੀ ਜਾਮ ਵਿੱਚ ਫਸ ਜਾਂਦੀਆਂ ਹਨ। ਸ੍ਰੀ ਨਵਦੁਰਗਾ ਚਿੰਤਪੁਰਨੀ ਲੰਗਰ ਸੇਵਾ ਸੋਸਾਇਟੀ ਦੇ ਕਾਰਜਕਾਰੀ ਪ੍ਰਧਾਨ ਅਤੇ ਸ਼ਿਵਮ ਵੈਦ ਦਾ ਕਹਿਣਾ ਹੈ ਕਿ ਦਾਰਾਪੁਰ ਫਾਟਕ ਜ਼ਿਆਦਾ ਸਮੇਂ ਬੰਦ ਹੋਣ ਉਪਰੰਤ ਜਦੋਂ ਖੁੱਲ੍ਹਦਾ ਹੈ ਤਾਂ ਵਾਹੀਕਲ ਸਵਾਰਾਂ ਵਿੱਚ ਪਹਿਲੇ ਨਿਕਲਣ ਦੀ ਹੋੜ ਲੱਗ ਜਾਂਦੀ ਹੈ ਜਿਸ ਸਦਕਾ ਕਈ ਦੁਰਘਟਨਾਵਾਂ ਵਾਪਰ ਜਾਂਦੀਆਂ ਹਨ। ਸਮਾਜ ਸੇਵੀ ਵਿਕਾਸ ਜਸਰਾ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਅਤੇ ਰੇਲਵੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਕਈ ਵਾਰ ਮੰਗ ਕੀਤੀ ਜਾ ਚੁੱਕੀ ਹੈ ਕਿ ਆਮ ਜਨਤਾ ਦੀਆਂ ਪ੍ਰੇਸ਼ਾਨੀਆਂ ਨੂੰ ਵੇਖਦੇ ਹੋਏ ਦਾਰਾਪੁਰ ਫਾਟਕ ਤੇ ਜਲਦ ਤੋਂ ਜਲਦ ਓਵਰਬ੍ਰਿਜ ਬਣਾਇਆ ਜਾਵੇ। ਇਨ੍ਹਾਂ ਤੋਂ ਇਲਾਵਾ ਟਾਂਡਾ ਇਲਾਕਾ ਨਿਵਾਸੀਆਂ ਨੇ ਕੇਂਦਰ ਸਰਕਾਰ ਅਤੇ ਰੇਲਵੇ ਵਿਭਾਗ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਦਾਰਾਪੁਰ ਫਾਟਕ ਤੇ ਜਲਦ ਹੀ ਓਵਰਬ੍ਰਿਜ ਨਹੀਂ ਬਣਾਇਆ ਗਿਆ ਤਾਂ ਮਜਬੂਰ ਹੋ ਕੇ ਸਾਨੂੰ ਸੰਘਰਸ਼ ਦੀ ਰਾਹ 'ਤੇ ਤੁਰਨਾ ਪਵੇਗਾ। ਇਸ ਦਾਰਾਪੁਰ ਫਾਟਕ ਤੇ ਓਵਰਬ੍ਰਿਜ ਬਣਾਉਣ ਸਬੰਧੀ ਟਾਂਡਾ ਰੇਲਵੇ ਸਟੇਸ਼ਨ ਮਾਸਟਰ ਕੇਵਲ ਸਿੰਘ ਦਾ ਕਹਿਣਾ ਹੈ ਕਿ ਦਾਰਾਪੁਰ ਫਾਟਕ ਤੇ ਓਵਰਬ੍ਰਿਜ ਬਣਾਉਣ ਲਈ ਵੱਖ-ਵੱਖ ਸੰਸਥਾਵਾਂ ਵੱਲੋਂ ਮਿਲੇ ਮੰਗ ਪੱਤਰ ਰੇਲਵੇ ਦੇ ਉੱਚ ਅਧਿਕਾਰੀਆਂ ਨੂੰ ਭੇਜ ਦਿੱਤੇ ਗਏ ਹਨ, ਮਨਜ਼ੂਰੀ ਆਉਣ ਤੇ ਦਾਰਾਪੁਰ ਫਾਟਕ ਤੇ ਓਵਰਬ੍ਰਿਜ ਬਣਾ ਦਿੱਤਾ ਜਾਵੇਗਾ।

ਪੁਲਸ ਨੇ 72 ਘੰਟਿਆਂ 'ਚ ਵਿਸ਼ਵ ਹਿੰਦੂ ਪ੍ਰੀਸ਼ਦ ਆਗੂ ਦਾ ਕਤਲ ਕੇਸ ਸੁਲਝਿਆ; ਦੋ ਹਮਲਾਵਰ ਕਾਬੂ

ਚੰਡੀਗੜ੍ਹ (ਗੁਰਜੀਤ ਬਿੱਲਾ)

ਰੂਪਨਗਰ ਪੁਲਸ ਨੇ ਐਸਐਸਓਸੀ ਮੋਹਾਲੀ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਨੰਗਲ ਅਧਾਰਿਤ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਆਗੂ ਦੇ ਕਤਲ ਕੇਸ ਵਿੱਚ ਸ਼ਾਮਲ ਪਾਕਿਸਤਾਨ ਆਧਾਰਿਤ ਅੱਤਵਾਦੀ ਸੰਗਠਨ ਦੀ ਹਮਾਇਤ ਪ੍ਰਾਪਤ ਅੱਤਵਾਦੀ ਮਾਡਿਊਲ ਦੇ ਦੋ ਸੰਚਾਲਕਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਕੇਸ ਨੂੰ 72 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਸੁਲਝਾ ਲਿਆ ਹੈ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਜਾਣਕਾਰੀ ਮੁਤਾਬਿਕ ਸ਼ਨੀਵਾਰ ਸ਼ਾਮ ਨੰਗਲ ਦੇ ਰੇਲਵੇ ਰੋਡ 'ਤੇ ਸਥਿਤ ਵੀਐਚਪੀ ਨੰਗਲ ਮੰਡਲ ਦੇ ਪ੍ਰਧਾਨ ਵਿਕਾਸ ਪ੍ਰਭਾਕਰ ਉਰਫ਼ ਵਿਕਾਸ ਬੱਗਾ ਦੀ ਦੁਕਾਨ 'ਤੇ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ। ਇਹ ਹਮਲਾਵਰ ਜਿਸ ਵਿੱਚੋਂ ਇਕ ਨੇ ਹੈਲਮੇਟ ਪਾਇਆ ਹੋਇਆ ਸੀ ਅਤੇ ਦੂਜੇ ਨੇ ਮਫਲਰ ਨਾਲ ਮੂੰਹ ਢੱਕਿਆ ਹੋਇਆ ਸੀ ਕਾਲੇ ਰੰਗ ਦੀ ਸਕੂਟੀ 'ਤੇ ਆਏ ਸਨ।ਪੁਲਸ ਨੇ ਦੋਨਾਂ ਹਮਲਾਵਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਹਨਾਂ ਦੀ ਪਛਾਣ ਮਨਦੀਪ ਕੁਮਾਰ ਉਰਫ ਮੰਗੀ ਅਤੇ ਸੁਰਿੰਦਰ ਕੁਮਾਰ ਉਰਫ਼ ਰਿੰਕਾ ਵਜੋਂ ਕੀਤੀ ਗਈ। ਉਨ੍ਹਾਂ ਕੋਲੋਂ .32 ਬੋਰ ਦੇ ਦੋ ਪਿਸਤੌਲ ਜਿਸ ਵਿੱਚੋਂ ਇੱਕ ਅਪਰਾਧ ਵਿੱਚ ਵਰਤਿਆ ਗਿਆ ਸੀ, ਸਮੇਤ 16 ਜਿੰਦਾ ਕਾਰਤੂਸ ਅਤੇ 1 ਖਾਲੀ ਕਾਰਤੂਸ ਵੀ ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਅਪਰਾਧ ਵਿੱਚ ਵਰਤੀ ਗਈ ਟੀਵੀਐਸ ਜੁਪੀਟਰ ਸਕੂਟੀ ਨੂੰ ਵੀ ਜ਼ਬਤ ਕਰ ਲਿਆ ਗਿਆ ਹੈ।ਦੋਵੇਂ ਸ਼ੂਟਰ ਐਨਕ੍ਰਿਪਟਡ ਐਪਸ ਰਾਹੀਂ ਵਿਦੇਸ਼ੀ-ਅਧਾਰਤ ਹੈਂਡਲਰਾਂ ਦੇ ਸੰਪਰਕ ਵਿੱਚ ਸਨ ਅਤੇ ਇਸ ਕਤਲ ਨੂੰ ਅੰਜਾਮ ਦੇਣ ਲਈ ਫੰਡ ਅਤੇ ਹਥਿਆਰਾਂ ਦਾ ਪ੍ਰਬੰਧ ਕਰਨ ਤੋਂ ਇਲਾਵਾ ਵਿਅਕਤੀ, ਜਿਸ ਨੂੰ ਟਾਰਗੇਟ ਕਰਨਾ ਸੀ, ਦੀ ਜਗ੍ਹਾ ਅਤੇ ਫੋਟੋ ਵੀ ਉਨ੍ਹਾਂ ਨਾਲ ਸਾਂਝੀ ਕੀਤੀ ਗਈ ਸੀ।ਉਨ੍ਹਾਂ ਕਿਹਾ ਕਿ ਇਸ ਮਾਡਿਊਲ ਨੂੰ ਚਲਾਉਣ ਵਾਲੇ ਅੱਤਵਾਦੀ ਸੰਗਠਨ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।ਇਸ ਸਬੰਧੀ ਮਿਤੀ 13-04-2024 ਨੂੰ ਭਾਰਤੀ ਦੰਡਾਵਲੀ (ਆਈਪੀਸੀ) ਦੀਆਂ ਧਾਰਾਵਾਂ 302 ਅਤੇ 34 ਅਤੇ ਅਸਲਾ ਐਕਟ ਦੀਆਂ ਧਾਰਾਵਾਂ 25 ਅਤੇ 27 ਤਹਿਤ ਥਾਣਾ ਨੰਗਲ ਵਿਖੇ ਐਫਆਈਆਰ ਦਰਜ ਕੀਤੀ ਗਈ ਹੈ।

ਲੋਕਤੰਤਰ ਦੀ ਨੀਂਹ ਮਜ਼ਬੂਤ ਕਰਨ ਲਈ ਹੁਸ਼ਿਆਰਪੁਰ 'ਚ ਅੱਗੇ ਆਏ ਉਸਾਰੀ ਕਿਰਤੀ

ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)- ਸਥਾਨਕ ਲੇਬਰ ਚੌਕ 'ਤੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਦੀ ਅਗਵਾਈ ਵਿਚ ਬਿਲਕੁਲ ਹੀ ਵੱਖਰੇ ਅੰਦਾਜ਼ ਵਿਚ ਸਵੀਪ ਗਤੀਵਿਧੀ ਕਰਵਾਈ ਗਈ। ਇਸ ਦੌਰਾਨ ਭੰਡ ਕਲਾ ਰਾਹੀਂ ਉਸਾਰੀ ਕਿਰਤੀਆਂ ਨੂੰ ਵੋਟ ਪਾਉਣ ਲਈ ਜਾਗਰੂਕ ਕੀਤਾ ਗਿਆ ਅਤੇ ਬੜੇ ਹੀ ਨਾਟਕੀ ਅੰਦਾਜ਼ ਵਿਚ ਵੋਟ ਦੀ ਮਹੱਤਤਾ ਸਬੰਧੀ ਉਨ੍ਹਾਂ ਨੂੰ ਸਮਝਾਇਆ ਗਿਆ।ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਲੇਬਰ ਚੌਕ ਹੁਸ਼ਿਆਰਪੁਰ ਵਿਚ ਆਪਣੀ ਟੀਮ ਨਾਲ ਪਹੁੰਚ ਕਰਕੇ ਆਪਣੇ ਜਾਣ-ਪਛਾਣੇ ਅੰਦਾਜ਼ ਵਿਚ ਡਫਲੀ ਵਜਾਉਣ ਲੱਗਦੇ ਹਨ। ਇਸ ਦੌਰਾਨ ਰਾਸ਼ਟਰੀ ਪੱਧਰ 'ਤੇ ਮਸ਼ਹੂਰ ਰੇਲਵੇ ਮੰਡੀ ਸਕੂਲ ਦੀ ਵਿਦਿਆਰਥਣ ਰਿਤਿਕਾ ਸੈਣੀ ਢੋਲ ਦੀ ਥਾਪ ਨਾਲ ਉਨ੍ਹਾਂ ਦਾ ਸਹਿਯੋਗ ਕਰਦੀ ਹੈ। ਪ੍ਰੀਤ ਕੋਹਲੀ ਨੇ ਇਸ ਦੌਰਾਨ ਉਸਾਰੀ ਮਜ਼ਦੂਰਾਂ ਨਾਲ ਰਾਹਗੀਰਾਂ ਨੂੰ ਵੋਟਾਂ ਲਈ ਜਾਗਰੂਕ ਕਰਦਿਆਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ 100 ਫੀਸਦੀ ਵੋਟ ਪਾਉਣੀ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਕੋਈ ਵੀ ਵੋਟਰ ਲੋਕ ਸਭਾ ਚੋਣਾਂ ਵਿਚ ਵੋਟ ਪਾਉਣ ਤੋਂ ਵਾਂਝਾ ਨਾ ਰਹੇ। ਇਸ ਲਈ ਉਹ ਸਵੀਪ ਨੋਡਲ ਅਫ਼ਸਰ ਅੰਕੁਸ਼ ਸ਼ਰਮਾ, ਜ਼ਿਲ੍ਹਾ ਮੀਡੀਆ ਅਤੇ ਕਮਿਊਨੀਕੇਸ਼ਨ ਟੀਮ ਦੇ ਸਹਾਇਕ ਨੋਡਲ ਅਫ਼ਸਰ ਰਜਨੀਸ਼ ਗੁਲਿਆਨੀ ਅਤੇ ਨੀਰਜ ਧੀਮਾਨ ਨੂੰ ਨਾਲ ਲੈ ਕੇ ਲੇਬਰ ਚੌਕ ਹੁਸ਼ਿਆਰਪੁਰ ਵਿਖੇ ਵੱਖ-ਵੱਖ ਢੰਗ ਨਾਲ ਉਸਾਰੀ ਮਜ਼ਦੂਰਾਂ ਨੂੰ ਨੁੱਕੜ ਨਾਟਕ ਰਾਹੀਂ ਵੋਟਾਂ ਪ੍ਰਤੀ ਜਾਗਰੂਕ ਕਰ ਰਹੇ ਹਨ। ਇਸ ਦੌਰਾਨ ਜਿਥੇ ਫਸਟ ਟਾਈਮ ਯੁਵਾ ਵੋਟਰਾਂ ਨੇ ਵੀ ਆਉਂਦੇ ਜਾਂਦੇ ਰਾਹਗੀਰਾਂ ਨੂੰ ਵੋਟ ਪ੍ਰਤੀ ਉਨ੍ਹਾਂ ਦੀ ਬਣਦੀ ਜ਼ਿੰਮੇਵਾਰੀ ਦੀ ਸਹੁੰ ਚੁਕਾਈ। ਇਸ ਮੌਕੇ ਐਨ.ਸੀ.ਸੀ ਕੈਡਿਟਾਂ ਤੋਂ ਇਲਾਵਾ ਸਮਾਜ ਸੇਵੀ ਜਸਵਿੰਦਰ ਸਿੰਘ, ਪ੍ਰਿੰਸੀਪਲ ਕਰੁਣ ਸ਼ਰਮਾ, ਜਤਿੰਦਰ ਸਿੰਘ, ਜਸਵੀਰ ਸਿੰਘ ਆਦਿ ਵੀ ਮੌਜੂਦ ਸਨ।

ਭਜਨ ਸੰਧਿਆ 20 ਨੂੰ

ਫਿਲੌਰ,(ਨਿਰਮਲ) - 11ਵੀਂ ਵਿਸ਼ਾਲ ਸਾਂਈ ਸੰਧਿਆ 20 ਅਪ੍ਰੈਲ ਨੂੰ ਸ਼ਾਮ 7-30 ਵਜੇ ਕਮਿਊਨਿਟੀ ਸੈਂਟਰ ਫਿਲੌਰ ਵਿਖੇ ਹੋਵੇਗੀ।ਸਾਂਈ ਪਾਲਕੀ ਦੁਪਿਹਰ 2 ਵਜੇ ਕਮਿਊਨਿਟੀ ਸੈਂਟਰ ਤੋਂ ਸ਼ੁਰੂ ਹੋਵੇਗੀ, ਜੋ ਸਾਰੇ ਸ਼ਹਿਰ ਵਿੱਚੋਂ ਲੰਘੇਗੀ। ਲੰਗਰ ਅਤੂੱਟ ਵਰਤਗੇ। ਭਜਨ ਸੰਧਿਆ ਸ੍ਰੀ ਭੋਲੇ ਸਾਂਈ ਸੇਵਾ ਮੰਡਲ ਫਿਲੌਰ ਵੱਲੋਂ ਕੱਢੀ ਜਾਵੇਗੀ।

ਸਕੂਲ ਵਾਹਨਾਂ ਦੀ ਕੀਤੀ ਵਿਸ਼ੇਸ਼ ਚੈਕਿੰਗ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਸੇਫ ਸਕੂਲ ਵਾਹਨ ਪਾਲਸੀ ਨੂੰ ਇੰਨ ਬਿਨ ਲਾਗੂ ਕਰਨ ਲਈ ਪ੍ਰਸ਼ਾਸ਼ਨ ਵੱਲੋਂ ਵਿਦਿਆਰਥੀਆਂ ਨੂੰ ਸਕੂਲਾਂ ਤੱਕ ਪਹੁੰਚਾਉਣ ਵਾਲੇ

ਵਾਹਨਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਗਈ। ਡਿਪਟੀ ਕਮਿਸ਼ਨਰ ਰੂਪਨਗਰ ਡਾ.ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐਸ.ਡੀ.ਐਮ ਰਾਜਪਾਲ ਸਿੰਘ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਾਨਕ ਪੁਲਸ ਅਧਿਕਾਰੀਆਂ ਨੂੰ ਨਾਲ ਲੈ ਕੇ ਵਿਸੇਸ਼ ਨਾਕੇਬੰਦੀ ਕੀਤੀ ਗਈ ਅਤੇ ਸਕੂਨ ਵਾਹਨਾਂ ਨੂੰ ਚੈਕ ਕੀਤਾ ਗਿਆ। ਪ੍ਰਸ਼ਾਸ਼ਨ ਵੱਲੋਂ ਵਾਹਨਾਂ ਲਈ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਸਾਰੇ ਨਿਯਮਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਕਿ ਸਕੂਲ ਵਿਦਿਆਰਥੀਆਂ ਲਈ ਵਰਤੋਂ ਵਿਚ ਆਉਣ ਵਾਲੇ ਵਾਹਨਾਂ ਲਈ ਸਰਕਾਰ ਵੱਲੋਂ ਵਿਸ਼ੇਸ਼ ਮਾਪਦੰਡ ਤਹਿ ਕੀਤੇ ਗਏ ਹਨ, ਜਿਨ੍ਹਾਂ ਦੀ ਪਾਲਣਾ ਵਿਚ ਕਿਸੇ ਤਰ੍ਹਾਂ ਦੀ ਵੀ ਲਾਪਰਵਾਹੀ ਨਹੀਂ ਹੋਣੀ ਚਾਹੀਦੀ।ਉਨ੍ਹਾਂ ਨੇ ਦੱਸਿਆ ਕਿ ਸਕੂਲ ਪ੍ਰਬੰਧਕਾਂ ਨਾਲ ਵੀ ਤਾਲਮੇਲ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਜ਼ਰੂਰੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ। ਇਸ ਮੌਕੇ ਥਾਣਾ ਮੁਖੀ ਸ੍ਰੀ ਅਨੰਦਪੁਰ ਸਾਹਿਬ ਹਿੰਮਤ ਸਿੰਘ ਵੀ ਮੌਜੂਦ ਸਨ।

ਟੀਨੂ ਨੂੰ ਉਮੀਦਵਾਰ ਐਲਾਨਣ 'ਤੇ 'ਆਪ' ਵਰਕਰਾਂ ਵੰਡੇ ਲੱਡੂ

ਆਦਮਪੁਰ (ਪਰਮਜੀਤ) ਆਪ ਵੱਲੋਂ ਲੋਕ ਸਭਾ ਜਲੰਧਰ ਲੋਕ ਸਭਾ ਸੀਟ ਲਈ ਐਲਾਨੇ ਗਏ ਉਮੀਦਵਾਰ ਪਵਨ ਕੁਮਾਰ ਨੂੰ ਟਿਕਟ ਦੇਣ 'ਤੇ ਆਦਮਪੁਰ ਆਪ ਵਰਕਰਾਂ ਵੱਲੋਂ ਖੁਸ਼ੀ ਦਾ ਇਜਹਾਰ ਕਰਦੇ ਹੋਏ ਲੱਡੂ ਵੰਡੇ ਗਏ।ਆਪ ਆਗੂ ਜੀਤ ਲਾਲ ਭੱਟੀ ਹਲਕਾ ਇੰਚਾਰਜ / ਡਾਇਰੈਕਟਰ ਪਨਬਸ ਨੇ ਦੱਸਿਆ ਹੈ ਕਿ ਹਾਈ ਕਮਾਨ ਵੱਲੋਂ ਪਵਨ ਕੁਮਾਰ ਟੀਨੂ ਨੂੰ ਟਿਕਟ ਦਿੱਤੇ ਜਾਣ 'ਤੇ ਜਿੱਥੇ ਜਿੱਥੇ ਉਨਾਂ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਧੰਨਵਾਦ ਕਰਦੇ ਹਾਂ ਤੇ ਲੋਕ ਸਭਾ ਦੀਆਂ 13 ਦੀਆਂ 13 ਸੀਟਾਂ ਪੂਰੀ ਮਿਹਨਤ ਨਾਲ ਜਿੱਤ ਕੇ ਕੇਜਰੀਵਾਲ ਦੀ ਝੋਲੀ ਵਿੱਚ ਪਾਵਾਂਗੇ ।ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ ਰਾਜਵੰਸ਼, ਹਰਵਿੰਦਰ ਸਿੰਘ ਬਿੰਦਾ ਗਰੇਵਾਲ ਵਾਇਸ ਪ੍ਰਧਾਨ ਕਿਸਾਨ ਵਿੰਗ, ਕ੍ਰਿਸ਼ਨਾ ਗਰੇਵਾਲ ਕੁਆਡੀਨੇਟਰ ਹਲਕ -ਆਦਮਪੁਰ ਮੰਗਾ ਰਾਮ ਜ਼ਿਲ੍ਹਾ ਜੁਆਇੰਟ ਸਕੱਤਰ ਐਸ ਸੀ ਵਿੰਗ, ਬਲਾਕ ਪ੍ਰਧਾਨ ਸਤਨਾਮ ਸਿੰਘ ਮਨਕੋਟੀਆ, ਬਲਾਕ ਪ੍ਰਧਾਨ ਕਮਲਜੀਤ ਸਿੰਘ, ਪ੍ਰਧਾਨ ਕਰਮਜੀਤ ਹੈਪੀ, ਬਲਾਕ ਪ੍ਰਧਾਨ ਪਰਮਿੰਦਰ ਸਿੰਘ ਪੰਮੀ, ਬਲਾਕ ਪ੍ਰਧਾਨ ਬੂਟਾ ਸਿੰਘ, ਬਲਾਕ ਪ੍ਰਧਾਨ ਅਕਾਸ਼ਦੀਪ ਆਸ਼ੂ ,ਰਾਕੇਸ਼ ਕਪੂਰ ਨਿੱਕਾ,ਹਨਿੰਦਰ ਸਿੰਘ ਕੁਆਡੀਨੇਟਰ ਬੀ ਸੀ ਵਿੰਗ, ਬਲਾਕ ਪ੍ਰਧਾਨ ਤਰਲੋਕ ਸਿੰਘ, ਹੈਪੀ ਹਰੀਪੁਰ , ਹੁਸਨ ਲਾਲ ਬਲਾਕ ਪ੍ਰਧਾਨ ਕਠਾਰ, ਇੰਦਰਜੀਤ ਸਿੰਘ ਬਲਾਕ ਪ੍ਰਧਾਨ ਆਦਮਪੁਰ ਦਿਹਾਤੀ, ਪਵਿੱਤਰ ਸਿੰਘ ਸਾਬਕਾ ਪ੍ਰਧਾਨ ਨਗਰ ਕੌਂਸਲ, ਗੁਰਮੀਤ ਸਿੰਘ ਹੈਪੀ ਪਧਿਆਣਾ, ਬਰਿੰਦਰ ਬਾਵਾ, ਰੋਸ਼ਨ ਲਾਲ ਆਦਿ ਹਾਜ਼ਰ ਸਨ।

ਸ੍ਰੀ ਅਨੰਦਪੁਰ ਸਾਹਿਬ ਤੋਂ ਆਪ ਉਮੀਦਵਾਰ ਵੱਲੋਂ ਬੰਗਾ ਹਲਕੇ ਦਾ ਤੂਫ਼ਾਨੀ ਦੌਰਾ

ਬੰਗਾ (ਅਵਤਾਰ ਕਲੇਰ)- ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ

18-APRIL-PAGE-10.qxd 4/17/2024 10:33 PM Page 1

ਟ੍ਰੈਫ਼ਿਕ ਵਿਵਸਥਾ ਦਾ ਬੁਰਾ ਹਾਲ, ਘੰਟਿਆਂਬੱਧੀ ਜਾਮ ਕਾਰਨ ਲੋਕ ਪ੍ਰੇਸ਼ਾਨ

ਮਮਦੋਟ, (ਜਸਬੀਰ ਸਿੰਘ ਕੰਬੋਜ) ਕਸਬਾ ਮਮਦੋਟ 'ਚ ਇਨ੍ਹੀਂ ਦਿਨੀਂ ਟ੍ਰੈਫ਼ਿਕ ਵਿਵਸਥਾ ਦਾ ਬਹੁਤ ਬੁਰਾ ਹਾਲ ਹੈ। ਹਾੜੀ ਦਾ ਸੀਜ਼ਨ ਹੋਣ ਕਾਰਨ ਜਦ ਕੰਬਾਈਨਾਂ ਤੋਂ ਲੈ ਕੇ ਟਰੱਕ, ਟਰੈਕਟਰ, ਟਰਾਲੀਆਂ ਤੇ ਹੋਰ ਵਹੀਕਲਾਂ ਦੀ ਆਵਾਜਾਈ ਵਿੱਚ ਭਾਰੀ ਵਾਧਾ ਹੋ ਰਿਹਾ ਹੈ, ਉਥੇ ਦੂਜੇ ਪਾਸੇ ਸੜਕਾਂ ਤੇ ਲੱਗੀਆਂ ਨਜਾਇਜ਼ ਰੇਹੜੀਆਂ ਅਤੇ ਗ਼ਲਤ ਤਰੀਕੇ ਨਾਲ ਪਾਰਕ ਕੀਤੇ ਵਹੀਕਲਾਂ ਕਾਰਨ ਲੰਮਾ ਸਮਾਂ ਜਾਮ ਰਹਿਣਾ ਆਮ ਗੱਲ ਬਣ ਗਈ ਹੈ। ਕਸਬਾ ਮਮਦੋਟ 'ਚ ਸਰਕਾਰੀ ਸਕੂਲਾਂ ਤੋਂ ਇਲਾਵਾ ਕਈ ਹੋਰ ਨਿੱਜੀ ਸਕੂਲਾਂ ਦੇ ਬੱਚੇ ਜਦ ਛੁੱਟੀ ਉਪਰੰਤ ਆਪਣੇ ਘਰਾਂ ਨੂੰ ਵਹੀਕਲਾਂ ਰਾਹੀਂ ਜਾਣੇ ਹੁੰਦੇ ਹਨ ਤਾਂ ਕਸਬੇ ਵਿੱਚ ਟ੍ਰੈਫ਼ਿਕ ਵਿਵਸਥਾ ਦੀ ਸਥਿਤੀ ਹੋਰ ਵੀ ਭਿਆਨਕ ਬਣ ਜਾਂਦੀ ਹੈ, ਪਰ ਇਨ੍ਹਾਂ ਕੁੱਝ ਹੋਣ ਦੇ ਬਾਵਜੂਦ ਨਾ ਤੇ ਨਗਰ ਪੰਚਾਇਤ ਅਧਿਕਾਰੀ, ਨਾ ਪ੍ਰਸ਼ਾਸਨ ਅਤੇ ਨਾ ਹੀ ਟ੍ਰੈਫਿਕ ਵਿਭਾਗ ਦੇ ਮੁਲਾਜ਼ਮ ਹੀ ਅਜਿਹੀ ਬਣ ਚੁੱਕੀ ਸਥਿਤੀ ਨੂੰ ਸੁਧਾਰਨ ਵਾਸਤੇ ਕੋਈ ਠੋਸ ਕਦਮ ਉਠਾ ਰਹੇ ਹਨ। ਜ਼ਿਕਰਯੋਗ ਹੈ ਕਿ ਮਮਦੋਟ ਫ਼ਿਰੋਜ਼ਪੁਰ ਸੜਕ ਤੋਂ ਸਰਹੱਦੀ ਪਿੰਡਾਂ ਨੂੰ ਜਾਣ ਵਾਸਤੇ ਇੱਕੋ-ਇੱਕ ਰਸਤਾ ਜੋ ਬੀਐਸਐਫ ਕੈਂਪ ਦੇ ਅੱਗੋਂ ਦੀ ਲੰਘ ਕੇ ਠੇਕੇ ਵਾਲਾ ਚੌਕ ਮਾਈ ਭੋਲੀ ਚੌਕ ਹੁੰਦਾ ਹੋਇਆ ਹਜਾਰੇ ਵਾਲੇ ਅੱਡੇ ਤੱਕ ਪਹੁੰਚਦਾ ਹੈ ਤੇ ਇਸੇ ਸੜਕ 'ਤੇ ਲੱਗੇ ਲੰਮੇ ਜਾਮ ਕਾਰਨ ਤੇ ਹੋਰ ਕੋਈ ਰਸਤਾ ਨਾ ਹੋਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਬੰਧੀ ਨਵਾਬ ਸਿੰਘ ਏ ਐੱਸ ਆਈ (ਟ੍ਰੈਫ਼ਿਕ) ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸੜਕਾਂ ਤੇ ਗ਼ਲਤ ਪਾਰਕ ਕੀਤੇ ਵਹੀਕਲਾਂ ਤੇ ਕਾਰਵਾਈ ਕਰਨ, ਚਲਾਨ ਕੱਟਣ ਜਾਂ ਇਥੋਂ ਹਟਾਉਣ ਤੋਂ ਅਸੀਂ ਅਸਮਰਥ ਹਾਂ, ਲੋਕ ਅੱਗਿਉਂ ਗਲ਼ ਨੂੰ ਆਉਂਦੇ ਹਨ ਤੇ ਅਸੀਂ ਚਾਹੁੰਦੇ ਹੋਏ ਵੀ ਕੁਝ ਨਹੀਂ ਕਰ ਸਕਦੇ। ਹੁਣ ਟ੍ਰੈਫ਼ਿਕ ਵਿਭਾਗ ਜਾਂ ਪ੍ਰਸ਼ਾਸਨ ਹੀ ਕਿਸੇ ਕਿਸਮ ਦੀ ਕਾਰਵਾਈ ਕਰਨ ਤੋਂ ਅਸਮਰਥ ਹੈ ਤੇ ਫਿਰ ਆਮ ਲੋਕਾਂ ਦਾ ਤੇ ਰੱਬ ਹੀ ਰਾਖਾ ਹੈ। ਕੀ ਅਜਿਹੇ ਬਦਲਾਵ ਵਾਸਤੇ ਹੀ ਲੋਕਾਂ ਆਮ ਆਦਮੀ ਪਾਰਟੀ ਦੇ 92 ਐਮਐਲਏ ਚੁਣ ਕੇ ਸਰਕਾਰ ਬਣਾਈ ਸੀ।

ਪੰਜਾਬ ਕੋ-ਐਜੂਕੇਸ਼ਨ ਸਕੂਲ 'ਚ ਵੋਟ ਦੇ ਅਧਿਕਾਰ ਦਾ ਸਹੀ ਇਸਤੇਮਾਲ ਕਰਨ ਲਈ ਸੈਮੀਨਾਰ

ਬਾਘਾ ਪੁਰਾਣਾ (ਮਨੀ ਸਿੰਗਲਾ)- ਲੋਕਤੰਤਰ ਦੀ ਮਜ਼ਬੂਤੀ ਅਤੇ ਅਤੇ ਸਫਲਤਾ ਲਈ ਵੋਟ ਪ੍ਰਤੀਸ਼ਤ ਵਧਾਉਣ ਦੇ ਸਬੰਧ ਵਿੱਚ ਚੋਣ ਕਮਿਸ਼ਨ ਭਾਰਤ ਸਰਕਾਰ ਦੀਆਂ ਹਦਾਇਤਾਂ ਅਤੇ ਐਸ ਡੀ ਐਮ ਹਰਕਮਲਜੀਤ ਸਿੰਘ ਬਾਘਾ ਪੁਰਾਣਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹਲਕਾ ਬਾਘਾ ਪੁਰਾਣਾ ਦੇ ਸਵੀਪ ਨੋਡਲ ਅਫਸਰ ਸੰਜੀਵ ਕੁਮਾਰ ਦੀ ਅਗਵਾਈ ਵਿੱਚ ਇੱਕ ਸੈਮੀਨਾਰ ਅੱਜ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਵਿੱਚ ਸੰਜੀਵ ਕੁਮਾਰ ਨੇ ਸਮੂਹ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਆਪਣੇ ਵੋਟ ਦੇ ਅਧਿਕਾਰ ਦਾ ਸਹੀ ਇਸਤੇਮਾਲ ਕਰਨ ਲਈ ਕਿਹਾ ਅਤੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਇਸ ਮਜ਼ਬੂਤ ਲੋਕਤੰਤਰ ਵਿੱਚ ਆਪਣਾ ਯੋਗਦਾਨ ਪਾਉਣ ਲਈ ਆਪਣੇ ਪਰਵਾਰਕ ਮੈਂਬਰਾਂ ਨੂੰ ਪ੍ਰੇਰਤ ਕਰਕੇ 1 ਜੂਨ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਵੋਟ ਪਾਉਣ ਲਈ ਪੋਲਿੰਗ ਬੂਥ ਤੱਕ ਪਹੁੰਚਾਉਣ ਵਿੱਚ ਆਪਣਾ ਯੋਗਦਾਨ ਜ਼ਰੂਰ ਪਾਉਣ।

ਉਨ੍ਹਾਂ ਅਧਿਆਪਕਾਂ ਨੂੰ ਜ਼ੋਰ ਦੇ ਕੇ ਕਿਹਾ ਕਿ ਪੜ੍ਹਿਆ ਲਿਖਿਆ ਵਰਗ ਹੋਣ ਦੇ ਨਾਤੇ ਸਾਡਾ ਫਰਜ਼ ਬਣਦਾ ਹੈ ਕਿ ਵੋਟ ਦੇ ਅਧਿਕਾਰ ਦਾ ਇਸਤੇਮਾਲ ਅਸੀਂ ਕਿਸੇ ਚੰਗੀ ਸੋਚ ਵਾਲੇ ਸੂਝਵਾਨ ਵਿਅਕਤੀ ਨੂੰ ਬਿਨਾਂ ਕਿਸੇ ਡਰ, ਭੈਅ, ਧਰਮ, ਜਾਤ ਤੋਂ ਉੱਪਰ ਉੱਠ ਕੇ ਕਰੀਏ। ਇਸ ਸਮੇਂ ਸਕੂਲ ਦੇ ਚੇਅਰਮੈਨ ਗੁਰਦੇਵ ਸਿੰਘ, ਪ੍ਰਿੰਸੀਪਲ ਅਤੇ ਡਾਇਰੈਕਟਰ ਸੰਦੀਪ ਮਹਿਤਾ, ਕੋ-ਆਰਡੀਨੇਟਰ ਮੁਕੇਸ਼ ਅਰੋੜਾ, ਪ੍ਰਿੰਸੀਪਲ ਪਰਮਿੰਦਰ ਕੌਰ ਅਤੇ ਸਮੂਹ ਸਟਾਫ ਵੀ ਹਾਜ਼ਰ ਸੀ। ਪ੍ਰਿੰਸੀਪਲ ਅਤੇ ਡਾਇਰੈਕਟਰ ਸੰਦੀਪ ਮਹਿਤਾ ਨੇ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਚੋਣਾਂ ਦੇ ਮਹਾਉਤਸਵ ਵਿੱਚ ਆਪਣਾ ਅਤੇ ਆਪਣੇ ਪਰਵਾਰ, ਮਿੱਤਰਾਂ, ਰਿਸ਼ਤੇਦਾਰਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਕੇ ਯੋਗਦਾਨ ਪਾਉਣ ਵਿੱਚ ਆਪਣਾ ਵਡਮੁੱਲਾ ਰੋਲ ਅਦਾ ਕਰਨ, ਜਿਸ ਨਾਲ ਇੱਕ ਮਜ਼ਬੂਤ ਲੋਕਤੰਤਰ ਦੀ ਸਥਾਪਨਾ ਹੋਵੇਗੀ। ਇਸ ਮੌਕੇ ਸਵੀਪ ਨੋਡਲ ਅਫਸਰ ਸੰਜੀਵ ਕੁਮਾਰ ਨੇ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਉਕਤ ਮੱਤਦਾਨ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰਣ ਲਿਆ।

ਭਾਜਪਾ ਦਾ ਚੋਣ ਮੈਨੀਫੈਸਟੋ ਵੋਟਰਾਂ ਨੂੰ ਗੁੰਮਰਾਹ ਕਰਨ ਵਾਲਾ : ਮਾਨ

ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) ਜਦੋਂ ਤੋਂ ਭਾਰਤੀ ਜਨਤਾ ਪਾਰਟੀ ਦੀ ਸੈਂਟਰ ਵਿੱਚ ਪਹਿਲੀ ਸਰਕਾਰ ਬਣੀ ਹੈ ਤਾਂ ਉਸ ਸਮੇਂ ਇੰਡੀਅਨ ਨਿਵਾਸੀਆਂ ਨਾਲ ਇਸ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਇਹ ਵਾਅਦਾ ਕੀਤਾ ਸੀ ਕਿ ਘਰ-ਘਰ ਨੌਕਰੀਆਂ ਦਿੱਤੀਆਂ ਜਾਣਗੀਆਂ। ਹਰੇਕ ਸਾਲ 2 ਕਰੋੜ ਨੌਕਰੀਆਂ ਦਾ ਪ੍ਰਬੰਧ ਕੀਤਾ ਜਾਵੇਗਾ।ਫਿਰ ਇਹ ਵੀ ਐਲਾਨ ਕੀਤਾ ਗਿਆ ਸੀ ਕਿ ਘੱਟ ਗਿਣਤੀ ਕੌਮਾਂ ਨੂੰ ਹਰ ਖੇਤਰ ਵਿਚ ਇਨਸਾਫ਼ ਦਿੱਤਾ ਜਾਵੇਗਾ।ਇਨ੍ਹਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਤਾਲੀਮ ਤੇ ਸਿਹਤ ਸੰਬੰਧੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ ਤੇ ਇਥੋਂ ਹਰ ਤਰ੍ਹਾਂ ਦੀ ਰਿਸ਼ਵਤਖੋਰੀ, ਘਪਲੇ ਖਤਮ ਕੀਤੇ ਜਾਣਗੇ।ਬਾਹਰਲੇ ਸਵਿਸ ਮੁਲਕ ਦੇ ਬੈਂਕ ਵਿੱਚ ਪਿਆ ਕਾਲਾ ਧਨ ਵਾਪਸ ਲਿਆਕੇ ਹਰ ਨਾਗਰਿਕ ਦੇ ਖਾਤੇ ਵਿੱਚ ਪ੍ਰਤੀਸ਼ਤਾਂ ਅਨੁਸਾਰ ਜਮ੍ਹਾਂ ਕਰਾਏ ਜਾਣਗੇ, ਪਰ ਇਨ੍ਹਾਂ ਵਾਅਦਿਆਂ ਵਿਚੋਂ ਬੀਜੇਪੀ ਪਾਰਟੀ ਵੱਲੋਂ ਆਪਣੇ 10 ਸਾਲਾਂ ਦੇ ਰਾਜ ਭਾਗ ਦੇ ਸਮੇਂ ਵਿੱਚ ਕੋਈ ਪੂਰਤੀ ਨਹੀ ਕੀਤੀ ਗਈ, ਸਗੋਂ ਵੱਡੇ-ਵੱਡੇ ਦਾਅਵੇ ਤੇ ਐਲਾਨ ਕਰਕੇ ਅੱਜ ਵੀ ਚੋਣਾਂ ਦੇ ਮੌਕੇ ਆਪਣੇ ਬੋਗਸ ਚੋਣ ਮਨੋਰਥ ਪੱਤਰ ਰਾਹੀਂ ਇੰਡੀਅਨ ਨਿਵਾਸੀਆਂ ਵਿਸ਼ੇਸ਼ ਤੌਰ 'ਤੇ ਗ਼ਰੀਬਾਂ, ਘੱਟ ਗਿਣਤੀ ਕੌਮਾਂ ਨੂੰ ਗੁੰਮਰਾਹ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਿਮਰਨਜੀਤ ਸਿੰਘ ਮਾਨ ਐਮ.ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਜੇਪੀ ਵੱਲੋਂ ਇੱਕ ਵਾਰੀ ਫਿਰ ਮੁਲਕ ਨਿਵਾਸੀਆਂ, ਗ਼ਰੀਬਾਂ, ਘੱਟ ਗਿਣਤੀ ਕੌਮਾਂ ਨੂੰ ਵੱਡੇ ਦਾਅਵਿਆਂ ਤੇ ਛਲਾਵਿਆਂ ਰਾਹੀਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਗੁੰਮਰਾਹ ਕਰਨ ਦੀਆਂ ਕਾਰਵਾਈਆਂ ਦਾ ਸਖਤ ਨੋਟਿਸ ਲੈਂਦੇ ਹੋਏ ਅਤੇ ਇਥੇ ਵੱਸਣ ਵਾਲੇ ਮਜ਼ਲੂਮਾਂ, ਗ਼ਰੀਬਾਂ, ਘੱਟ ਗਿਣਤੀਆਂ ਦੇ ਨਿਰੰਤਰ ਹੱਕ-ਹਕੂਕਾਂ ਨੂੰ ਕੁਚਲਣ ਤੇ ਉਨ੍ਹਾਂ ਉਤੇ ਜਬਰ ਜ਼ੁਲਮ ਕਰਨ ਦੀਆਂ ਕਾਰਵਾਈਆਂ ਦੀ ਨਿਖੇਧੀ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਘੱਟ ਗਿਣਤੀ ਕੌਮਾਂ ਜੋ ਪਹਿਲੋਂ ਹੀ ਬਹੁਤ ਹੀ ਮੁਸ਼ਕਲ ਦੀ ਘੜੀ ਵਿੱਚ ਆਪਣੇ ਪਰਵਾਰਾਂ ਤੇ ਆਪਣਾ ਜੀਵਨ ਬਸਰ ਕਰ ਰਹੇ ਹਨ।ਉਨ੍ਹਾਂ ਦੇ ਰੋਜ਼ਾਨਾ ਰਸੋਈ ਵਿੱਚ ਵਰਤੋਂ ਆਉਣ ਵਾਲੀਆ ਵਸਤਾਂ ਦੀਆਂ ਕੀਮਤਾਂ ਤੇ ਉਨ੍ਹਾਂ ਉਤੇ ਪੈਣ ਵਾਲੇ ਮਾਲੀ ਬੋਝ ਨੂੰ ਘੱਟ ਕਰਨ ਲਈ ਅੱਜ ਤੱਕ ਕੁੱਝ ਨਹੀਂ ਕੀਤਾ ਗਿਆ, ਸਗੋਂ ਰਸੋਈ ਗੈਸ, ਦਾਲ਼ਾਂ, ਚੀਨੀ, ਚਾਹ ਆਦਿ ਦੀਆਂ ਕੀਮਤਾਂ ਵਧਾ ਦਿੱਤੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਜੇਕਰ ਇਸ ਸਰਕਾਰ ਨੂੰ ਜਾਤਾਂ-ਪਾਤਾਂ, ਧਰਮ, ਕੌਮਾਂ ਦੇ ਬਿਨ੍ਹਾ 'ਤੇ ਨਫ਼ਰਤ ਪੈਦਾ ਕਰਕੇ ਘੱਟ ਗਿਣਤੀ ਤੇ ਬਹੁਗਿਣਤੀ ਵਿਚ ਪਾੜਾ ਖੜਾ ਕਰਨ ਵਾਲੀ ਅਤੇ ਆਪਣੇ ਸਵਾਰਥੀ ਤੇ ਮਾਲੀ ਮੁਫਾਦਾਂ ਦੀ ਪੂਰਤੀ ਕਰਨ ਵਾਲੀ ਸਰਕਾਰ ਕਰਾਰ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਕਾਤਰਾਂ

ਆਤਮਾ ਰਾਮ ਮੈਮੋਰੀਅਲ ਸਕੂਲ ਦੇ ਬੱਚਿਆਂ ਜਿੱਤੇ ਮੈਡਲ

ਬਰੇਟਾ (ਗੀਤਵਾਲ)-ਪਿਛਲੇ ਦਿਨੀਂ ਚੌਥੀ ਜ਼ਿਲ੍ਹਾ ਪੱਧਰੀ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਬਾਬਾ ਫ਼ਰੀਦ ਅਕੈਡਮੀ ਪਬਲਿਕ ਸਕੂਲ ਉੱਭਾ ਵਿਖੇ ਹੋਈ, ਜਿਸ ਦੇ ਵਿੱਚ ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਲਵਪ੍ਰੀਤ ਸਿੰਘ ਗੋਲਡ ਮੈਡਲ (64 ਕਿੱਲੋ), ਜਗਸੀਰ ਸਿੰਘ ਗੋਲਡ ਮੈਡਲ (52 ਕਿੱਲੋ) ਤੇ ਬਖਸ਼ਪ੍ਰੀਤ ਸਿੰਘ ਨੇ ਦੋ ਗੋਲਡ ਮੈਡਲ (72 ਕਿੱਲੋ) ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਸ਼ੈਰਿਕ ਗਰਗ, ਐੱਮ ਡੀ ਮੋਨੀਕਾ ਗਰਗ ਤੇ ਪ੍ਰਿੰਸੀਪਲ ਵਿਜੈ ਕੁਮਾਰ ਨੇ ਬੱਚਿਆਂ ਤੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਉਤਸ਼ਾਹ ਵਧਾਇਆ। ਗੱਲਬਾਤ ਕਰਦਿਆਂ ਪ੍ਰਿੰਸੀਪਲ ਸਰ ਨੇ ਦੱਸਿਆ ਕਿ ਤਿੰਨੋਂ ਬੱਚੇ ਪੱਧਰੀ (ਕਿੱਕ ਬੌਕਸਿੰਗ) ਮੁਕਾਬਲੇ ਲਈ ਚੁਣੇ ਗਏ ਹਨ। ਉਨ੍ਹਾਂ ਕਿਹਾ ਕਿ ਖੇਡਾਂ ਵਿੱਚ ਅੱਗੇ ਵਧਣ ਲਈ ਸਕੂਲ ਹਰ ਪੱਖੋਂ ਬੱਚਿਆਂ ਦੀ ਮੱਦਦ ਕਰੇਗਾ ਤੇ ਸਕੂਲ ਨੂੰ ਅਜਿਹੇ ਵਿਦਿਆਰਥੀਆਂ ਉੱਪਰ ਮਾਨ ਹੈ।

ਕਰਿਆਨੇ ਦੀ ਦੁਕਾਨ ਦਾ ਸਾਮਾਨ ਸੜ ਕੇ ਸੁਆਹ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਸ਼੍ਰੀ ਮੁਕਤਸਰ ਦੇ ਜਲਾਲਾਬਾਦ ਰੋਡ 'ਤੇ ਇੱਕ ਕਰਿਆਨਾ ਤੇ ਮੁਨਿਆਰੀ ਦੀ ਦੁਕਾਨ 'ਤੇ ਅਚਾਨਕ ਅੱਗ ਲੱਗਣ ਕਾਰਨ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ। ਫਾਇਰ ਬ੍ਰਿਗੇਡ ਨੇ ਬੜੀ ਮੁਸ਼ਕਲ ਨਾਲ ਅੱਗ 'ਤੇ ਕਾਬੂ ਪਾਇਆ। ਅੱਗ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਦੁਕਾਨ ਮਾਲਕ ਪਵਨ ਕੁਮਾਰ ਨੇ ਦੱਸਿਆ ਕਿ ਅੱਜ ਸਵੇਰੇ ਕਰੀਬ ਸਾਢੇ ਤਿੰਨ ਵਜੇ ਉਸ ਨੂੰ ਆਸ-ਪਾਸ ਤੋਂ ਫੋਨ ਆਇਆ ਕਿ ਉਸ ਦੀ ਦੁਕਾਨ ਨੂੰ ਅੱਗ ਲੱਗ ਗਈ ਹੈ। ਉਹ ਇਥੇ ਪਹੁੰਚਿਆ ਤਾਂ ਆਸ-ਪਾਸ ਦੇ ਲੋਕਾਂ ਨੇ ਫਾਇਰ ਬ੍ਰਿਗੇਡ ਨੂੰ ਵੀ ਪਹਿਲਾਂ ਹੀ ਫੋਨ ਕਰ ਦਿੱਤਾ ਸੀ। ਫਾਇਰ ਬ੍ਰਿਗੇਡ ਕ੍ਰਮਚਾਰੀਆਂ ਮੌਕੇ 'ਤੇ ਪਹੁੰਚ ਬੜੀ ਮੁਸ਼ੱਕਤ ਨਾਲ ਅੱਗ 'ਤੇ ਕਾਬੂ ਪਾਇਆ। ਪਵਨ ਕੁਮਾਰ ਅਨੁਸਾਰ ਉਸ ਦਾ ਕਰੀਬ 10 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਉਸ ਨੇ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕੀਤੀ ਹੈ।

ਤਾਲਮੇਲ ਕਮੇਟੀ ਪੈਰਾ ਮੈਡੀਕਲ ਤੇ ਸਿਹਤ ਕਰਮਚਾਰੀ ਪੰਜਾਬ ਦਾ ਵਫ਼ਦ ਮੁੱਖ ਚੋਣ ਅਫਸਰ ਨੂੰ ਮਿਲਿਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਤਾਲਮੇਲ ਕਮੇਟੀ ਪੈਰਾਮੈਡੀਕਲ ਤੇ ਸਿਹਤ ਕਰਮਚਾਰੀ ਪੰਜਾਬ ਦਾ ਵਫ਼ਦ ਕੁਲਬੀਰ ਸਿੰਘ ਢਿੱਲੋਂ ਚੇਅਰਮੈਨ ਦੀ ਅਗਵਾਈ ਹੇਠ ਮੁੱਖ ਚੋਣ ਅਫਸਰ ਸਿਬਿਨ ਸੀ ਨੂੰ ਪੈਰਾ ਮੈਡੀਕਲ ਕਾਮਿਆਂ ਨੂੰ ਚੋਣ ਡਿਊਟੀਆਂ ਤੋਂ ਛੋਟ ਸਬੰਧੀ ਮਿਲਿਆ।ਇਸ ਮੌਕੇ ਰਵਿੰਦਰ ਲੂਥਰਾ ਸੂਬਾ ਕਨਵੀਨਰ ਨੇ ਦੱਸਿਆ ਕਿ ਸਿਹਤ ਵਿਭਾਗ ਵਿੱਚ ਸਟਾਫ ਨਰਸ, ਫਾਰਮੇਸੀ ਅਫ਼ਸਰ, ਮਲਟੀਪਰਪਜ਼ ਹੈਲਥ ਵਰਕਰ ਮੇਲ/ਫੀਮੇਲ, ਮੈਡੀਕਲ ਲੈਬ ਟੈਕਨੀਸ਼ੀਅਨ, ਰੇਡੀਓਗਰਾਫਰ, ਮਲਟੀਪਰਪਜ਼ ਹੈੱਲਥ ਸੁਪਰਵਾਈਜ਼ਰ ਮੇਲ/ਫੀਮੇਲ, ਬੀਈਈ, ਟੀ ਬੀ ਹੈਲਥ ਵਿਜ਼ਟਰ, ਦਰਜਾ ਚਾਰ, ਡਰਾਈਵਰ ਆਦਿ ਦੀ ਵੱਡੇ ਪੱਧਰ 'ਤੇ ਘਾਟ ਹੈ।ਪੈਰਾ ਮੈਡੀਕਲ/ਟੈਕਨੀਕਲ ਸਟਾਫ ਦੀਆਂ ਡਿਊਟੀਆਂ ਚੋਣ ਤੇ ਚੋਣਾਂ ਨਾਲ ਸਬੰਧਤ ਕੰਮਾਂ 'ਤੇ ਲੱਗਣ ਨਾਲ ਸਿਹਤ ਸੇਵਾਵਾਂ ਪ੍ਰਭਾਵਿਤ ਹੁੰਦੀਆਂ ਹਨ, ਜਦਕਿ ਸਰਕਾਰ ਵੱਲੋਂ ਚੋਣਾਂ ਵਾਲੇ ਦਿਨ ਸਮੂਹ ਸਿਹਤ ਸੰਸਥਾਵਾਂ ਨੂੰ ਖੁੱਲ੍ਹੇ ਰੱਖਣ ਦੇ ਆਦੇਸ਼ ਜਾਰੀ ਕੀਤੇ ਜਾਂਦੇ ਹਨ ਤਾਂ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਵਾਪਰਣ 'ਤੇ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ।ਮੁੱਖ ਚੋਣ ਅਫਸਰ ਪੰਜਾਬ ਪੰਜਾਬ ਨੇ ਵਫ਼ਦ ਨੂੰ ਅਮਰਜੈਂਸੀ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸਿਹਤ ਵਿਭਾਗ ਦੇ ਸਮੂਹ ਮੁਲਾਜ਼ਮਾਂ ਨੂੰ ਚੋਣ ਡਿਊਟੀਆਂ ਤੋਂ ਛੋਟ ਦਿੱਤੇ ਜਾਣ ਦਾ ਭਰੋਸਾ ਦਿੱਤਾ।ਵਫ਼ਦ ਵਿੱਚ ਰਮਨ ਅੱਤਰੀ, ਮਨਿੰਦਰ ਸਿੰਘ, ਗੁਰਸੰਤ ਸਿੰਘ, ਰਣਜੀਤ ਸਿੰਘ ਹਾਜ਼ਰ ਸਨ।

ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ

ਕੋਟ ਈਸੇ ਖਾਂ (ਅਰੋੜਾ) ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਕੋਟ ਈਸੇ ਖਾਂ ਦੇ ਸਮੂਹ ਰਿਕਸ਼ਾ ਤੇ ਈ ਰਿਕਸ਼ਾ ਵੱਲੋਂ ਕਮੇਟੀ ਵੱਲੋਂ ਮਨਾਇਆ ਗਿਆ ਤੇ ਉਨ੍ਹਾਂ ਦੀ ਫੋਟੋ 'ਤੇ ਮਾਲਾ ਚੜ੍ਹਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ।ਉਨ੍ਹਾਂ ਡਾਕਟਰ ਅੰਬੇਦਕਰ ਜਨਮ ਦਿਨ ਮੌਕੇ ਵਧਾਈ ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਸਮਾਜ ਵਿੱਚ ਦੱਬੇ ਕੁਚਲੇ ਲੋਕਾਂ ਲਈ ਸੰਵਿਧਾਨ ਵਿੱਚ ਦਿੱਤੇ ਅਧਿਕਾਰਾਂ ਸਦਕਾ ਹੀ ਇੱਕ ਮਹਾਨ ਪੁਰਸ਼ ਬਣ ਕੇ ਉੱਭਰੇ ਸਨ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਤੇ ਇਸ ਮਹਾਨ ਸ਼ਖ਼ਸੀਅਤ 'ਤੇ ਪੂਰੇ ਦੇਸ਼

18-April-PAGE-11-Majha-24.qxd 4/17/2024 10:52 PM Page 1

ਵਾਢੀਆਂ ਦੇ ਦਿਨਾਂ 'ਚ ਬੀਬੀਆਂ ਕਰਨਗੀਆਂ ਸ਼ੰਭੂ ਮੋਰਚੇ ਦੀ ਅਗਵਾਈ: ਸ਼ਕਰੀ/ਮੀਆਂਵਿੰਡ

ਮੀਆਂਵਿੰਡ (ਰਵੀ ਖਹਿਰਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨਤਾਰਨ ਦੇ ਤਿੰਨ ਜ਼ੋਨਾਂ ਜ਼ੋਨ ਖਡੂਰ ਸਾਹਿਬ, ਜ਼ੋਨ ਸ੍ਰੀ ਗੁਰੂ ਅੰਗਦ ਦੇਵ ਅਤੇ ਜ਼ੋਨ ਬਾਬਾ ਬਲਾਕਾ ਸਿੰਘ ਕੰਗ ਦੀ ਸਾਂਝੀ ਮੀਟਿੰਗ ਗੁਰਦੁਆਰਾ ਤਪਿਆਣਾ ਸਾਹਿਬ ਖਡੂਰ ਸਾਹਿਬ ਵਿਖੇ ਕੀਤੀ ਗਈ। ਇਸ ਮੌਕੇ ਸੂਬਾ ਆਗੂ ਅਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ ਵਿਸ਼ੇਸ਼ ਤੌਰ 'ਤੇ ਪੁੱਜੇ। ਮੀਟਿੰਗ ਵਿੱਚ ਤਿੰਨਾਂ ਜ਼ੋਨਾਂ ਦੇ ਵੱਖ-ਵੱਖ ਪਿੰਡਾਂ ਤੋਂ ਬੀਬੀਆਂ ਵੱਡੀ ਗਿਣਤੀ ਵਿੱਚ ਹਾਜ਼ਰ ਹੋਈਆਂ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂਆਂ ਨੇ ਕਿਹਾ ਕਿ 13 ਫਰਵਰੀ ਤੋਂ ਚਲ ਰਹੇ ਸ਼ੰਭੂ ਅਤੇ ਖਨੌਰੀ ਬਾਰਡਰ ਮੋਰਚੇ ਲਈ ਕਿਸਾਨਾਂ ਮਜ਼ਦੂਰਾਂ ਵੱਲੋਂ ਵੱਡਾ ਯੋਗਦਾਨ ਪਾਇਆ ਜਾ ਰਿਹਾ ਉਥੇ ਹੁਣ ਕਣਕ ਦੀ ਫ਼ਸਲ ਸਾਂਭਣ ਲਈ ਜਿਥੇ ਸਾਡੇ ਕਿਸਾਨ ਅਤੇ ਮਜ਼ਦੂਰ ਭਰਾਵਾਂ ਨੇ ਪਿੰਡਾਂ ਨੂੰ ਆਉਣ ਹੈ ਤਾਂ ਸ਼ੰਭੂ ਮੋਰਚੇ ਨੂੰ ਸੰਭਾਲਣ ਲਈ 20 ਅਪ੍ਰੈਲ ਨੂੰ ਵੱਡੀ ਗਿਣਤੀ ਵਿੱਚ ਮਾਈ ਭਾਗੋ ਦੀਆਂ ਵਾਰਸ ਬੀਬੀਆਂ, ਭੈਣਾਂ, ਮਾਤਾਵਾਂ ਸ਼ਮੂਲੀਅਤ ਕਰਨਗੀਆਂ। ਉਨ੍ਹਾਂ ਕਿਹਾ ਨੇ ਪਿੰਡ ਇਕਾਈ ਦੇ ਪ੍ਰਧਾਨ ਸਾਹਿਬਾਨ ਨੇ ਕਿਹਾ ਕਿ ਲੰਬਾ ਚੱਲਣ ਵਾਲੇ ਇਸ ਸੰਘਰਸ਼ ਲਈ ਹਾੜ੍ਹੀ ਦੀ ਫਸਲ ਤੋਂ ਵੱਡੀ ਪੱਧਰ ਤੇ ਫੰਡ ਇਕੱਠਾ ਕੀਤਾ ਜਾਵੇ ਅਤੇ ਹਰੇਕ ਆਦਮੀ ਨੂੰ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਮੋਰਚੇ ਵਿੱਚ ਹਾਜ਼ਰੀ ਭਰਨ ।

ਉਨ੍ਹਾਂ ਆਉਣ ਵਾਲੀ 20 ਅਪ੍ਰੈਲ ਨੂੰ ਸ਼ੰਭੂ ਬਾਰਡਰ 'ਤੇ ਬੀਬੀਆਂ ਦੇ ਜਥੇ ਲੈ ਕੇ ਜਾਣ ਲਈ ਪਿੰਡਾਂ ਦੇ ਪ੍ਰਧਾਨਾਂ ਦੀਆਂ ਡਿਊਟੀਆਂ ਲਾਈਆਂ ਗਈਆਂ। ਉਨ੍ਹਾਂ ਕਿਹਾ ਕਿ ਚੋਣ ਜ਼ਾਬਤੇ ਦੇ ਚੱਲਦਿਆਂ ਬੀਜੇਪੀ ਅਪਣਾ ਰੰਗ ਵਿਖਾ ਰਹੀ ਹੈ ਪਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਬੀਜੇਪੀ ਦਾ ਪੂਰੇ ਭਾਰਤ ਵਿੱਚ ਵਿਰੋਧ ਕੀਤਾ ਜਾ ਰਿਹਾ ਅਤੇ ਅੱਗੇ ਵੀ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਇਕਬਾਲ ਸਿੰਘ ਵੜਿੰਗ, ਮੁਖਤਾਰ ਸਿੰਘ ਬਿਹਾਰੀਪੁਰ, ਸਤਨਾਮ ਸਿੰਘ ਖੋਜਕੀਪੁਰ, ਪਾਖਰ ਸਿੰਘ ਲਾਲਪੁਰਾ, ਭਗਵਾਨ ਸਿੰਘ ਸੰਘਰ, ਹਰਜਿੰਦਰ ਸਿੰਘ ਘੱਗੇ, ਦਲਬੀਰ ਸਿੰਘ ਬੀਡੀਓ ਖਡੂਰ ਸਾਹਿਬ, ਪਿਆਰਾ ਸਿੰਘ ਬਾਣੀਆਂ, ਬਲਜੀਤ ਸਿੰਘ ਘੱਗੇ, ਕੁਲਵੰਤ ਸਿੰਘ ਖੋਜਕੀਪੁਰ, ਬਿਕਰਮਜੀਤ ਸਿੰਘ ਮੀਆਂਵਿੰਡ, ਰਾਜਿੰਦਰ ਸਿੰਘ ਸੋਂਧੀ, ਬੀਬੀ ਗੁਰਜੀਤ ਕੌਰ ਕੰਗ, ਬੀਬੀ ਕਸ਼ਮੀਰ ਕੌਰ ਮੀਆਂਵਿੰਡ, ਰਾਜਵਿੰਦਰ ਕੌਰ ਖੋਜਕੀਪੁਰ, ਸਰਬਜੀਤ ਕੌਰ ਚੱਕ ਕਰੇਖਾਂ, ਕੰਵਰਜੀਤ ਕੌਰ ਏਕਲਗੱਡਾ, ਪਰਮਜੀਤ ਕੌਰ, ਬਲਵਿੰਦਰ ਕੌਰ ਖਡੂਰ ਸਾਹਿਬ, ਗੁਰਮੀਤ ਕੌਰ ਖਡੂਰ ਸਾਹਿਬ, ਜਗੀਰ ਕੌਰ ਸੰਘਰ, ਨਰਿੰਦਰ ਕੌਰ ਸੰਘਰ, ਬਲਵਿੰਦਰ ਕੌਰ ਚੱਕ ਕਰੇਖਾਂ ਤੋਂ ਇਲਾਵਾ ਕਿਸਾਨ ਆਗੂ ਅਤੇ ਬੀਬੀਆਂ ਹਾਜ਼ਰ ਸਨ।

9ਵੇਂ ਪਾਤਸ਼ਾਹ ਦਾ ਗੁਰਿਆਈ ਦਿਵਸ 20 ਤੋਂ ਮਨਾਇਆ ਜਾਵੇਗਾ

ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਿਆਈ ਦਿਵਸ 20-21-22 ਅਪ੍ਰੈਲ ਨੂੰ ਸੰਗਤਾਂ ਦੇ ਸਹਿਯੋਗ ਨਾਲ ਗੁ: 9ਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਵਿਖੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਮੈਂਬਰ ਜ: ਬਲਜੀਤ ਸਿੰਘ ਜਲਾਲ ਉਸਮਾਂ (ਸਾਬਕਾ ਵਿਧਾਇਕ) ਅਤੇ ਮੈਨੇਜਰ ਭਾਈ ਗੁਰਵਿੰਦਰ ਸਿੰਘ ਦੇਵੀਦਾਸਪੁਰਾ ਨੇ ਦੱਸਿਆ ਕਿ 20 ਨੂੰ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 8 ਵਜੇ ਆਰੰਭ ਹੋਣਗੇ, 21 ਅਪ੍ਰੈਲ ਨੂੰ ਗੁਰਦੁਆਰਾ ਸ੍ਰੀ ਭੋਰਾ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ 22 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪ੍ਰੰਤ ਸਵੇਰੇ 9 ਵਜੇ ਧਾਰਮਿਕ ਦੀਵਾਨ ਸਜਾਏ ਜਾਣਗੇ, ਉਪਰੰਤ ਰਾਤ ਨੂੰ 8 ਵਜੇ ਕੀਰਤਨ ਸਮਾਗਮ ਆਰੰਭ ਹੋਵੇਗਾ, ਜਿਸ 'ਚ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰੀ ਜਥੇ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਨੇ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਇਨ੍ਹਾਂ ਸਮਾਗਮਾਂ 'ਚ ਪੁੱਜ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।ਇਸ ਮੌਕੇ ਮੀਤ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਅਤੇ ਭਾਈ ਜਗਤਾਰ ਸਿੰਘ, ਹੈੱਡ ਗ੍ਰੰਥੀ ਭਾਈ ਕੇਵਲ ਸਿੰਘ, ਇੰਚਾਰਜ ਭਾਈ ਸੁਖਵਿੰਦਰ ਸਿੰਘ ਬੁਤਾਲਾ, ਗੁਰਮਿੰਦਰ ਸਿੰਘ ਡੱਲਾ, ਬਲਕਾਰ ਸਿੰਘ, ਇਕਬਾਲ ਸਿੰਘ ਵਾਣਾਂਵਾਲੀ ਅਤੇ ਮਨਕਰਨ ਸਿੰਘ ਹਾਜ਼ਰ ਸਨ ।

ਨਰੇਗਾ ਕਾਮਿਆਂ ਦੀ ਦਿਹਾੜੀ 'ਚ ਨਿਗੂਣਾ ਵਾਧਾ ਨਿੰਦਣਯੋਗ: ਨਾਗੋਕੇ

ਖਡੂਰ ਸਾਹਿਬ (ਨਜ਼ਸ)—ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪਿੰਡ ਭਰੋਵਾਲ ਦੀ ਮੀਟਿੰਗ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਵਿਖੇ ਬੀਬੀ ਬਲਵਿੰਦਰ ਕੌਰ ਤੇ ਖੇਤ ਮਜ਼ਦੂਰ ਆਗੂ ਕਾਮਰੇਡ ਬਲਵਿੰਦਰ ਸਿੰਘ ਬਹਿਲਾ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਤੇ ਜ਼ਿਲ੍ਹਾ ਮੀਤ ਪ੍ਰਧਾਨ ਕਮਲਜੀਤ ਸਿੰਘ ਨਾਗੋਕੇ ਨੇ ਕਿਹਾ ਪੰਜਾਬ ਤੇ ਕੇਂਦਰ ਦੀ ਸਰਕਾਰ ਵਲੋਂ ਨਰੇਗਾ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਪਹਿਲਾਂ ਤਾਂ ਕਾਮਿਆਂ ਨੂੰ ਕੰਮ ਹੀ ਨਹੀਂ ਦਿੱਤਾ ਜਾ ਰਿਹਾ, ਜੇਕਰ ਮਿਲ ਜਾਂਦਾ ਹੈ ਤਾਂ ਪੈਸੇ ਪਾਉਣ ਲਈ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ। ਕੇਂਦਰ ਦੀ ਸਰਕਾਰ ਤਾਂ ਮਜ਼ਦੂਰਾਂ ਦੇ ਇਸ ਹੱਕ ਨੂੰ ਖ਼ਤਮ ਹੀ ਕਰਨਾ ਚਾਹੁੰਦੀ ਹੈ ਜੋ ਨਰੇਗਾ ਕਾਮੇ ਕਿਸੇ ਵੀ ਕੀਮਤ 'ਤੇ ਖ਼ਤਮ ਨਹੀਂ ਕਰਨ ਦੇਣਗੇ ।ਮਜ਼ਦੂਰ ਯੂਨੀਅਨ ਦੇ ਆਗੂਆਂ ਤੇ ਬਲਾਕ ਖਡੂਰ ਸਾਹਿਬ ਦੇ ਨਰੇਗਾ ਕਰਮਚਾਰੀਆਂ ਵੱਲੋਂ ਨਰੇਗਾ ਕਾਮਿਆਂ ਨੂੰ ਕੰਮ ਦੇਣ 'ਚ ਖੱਜਲ-ਖੁਆਰ ਕਰਨਾ ਬੰਦ ਨਾ ਕੀਤਾ ਤਾਂ ਬਲਾਕ ਵਿੱਚ ਅਣਮਿੱਥੇ ਸਮੇਂ ਲਈ ਲਗਾਤਾਰ ਹੜਤਾਲ ਸ਼ੁਰੂ ਕਰ ਦਿੱਤੀ ਜਾਵੇਗੀ।ਉਪਰੋਕਤ ਆਗੂਆਂ ਨੇ ਕਿਹਾ ਕਿ ਨਰੇਗਾ ਕਾਮਿਆਂ ਦੀ ਦਿਹਾੜੀ ਵਿਚ ਕੀਤਾ ਨਿਗੂਣਾ ਵਾਧਾ ਅੱਤ ਨਿੰਦਣਯੋਗ ਹੈ।ਨਰੇਗਾ ਕਾਮਿਆਂ ਦਾ 200 ਦਿਨ ਕੰਮ, 700 ਰੁਪਏ ਦਿਹਾੜੀ ਤੇ ਕੰਮ ਸਮਾਂ 6 ਘੰਟੇ ਕੀਤਾ ਜਾਵੇ।ਮੀਟਿੰਗ ਵਿੱਚ ਉਨ੍ਹਾਂ ਤੋਂ ਇਲਾਵਾ ਜਗੀਰ ਸਿੰਘ ਭਰੋਵਾਲ ਜ਼ਿਲ੍ਹਾ ਕੌਂਸਲ ਮੈਂਬਰ ਸੀਪੀਆਈ ਜ਼ਿਲ੍ਹਾ ਤਰਨ ਤਾਰਨ, ਜਸਵੰਤ ਸਿੰਘ ਖਡੂਰ ਸਾਹਿਬ, ਬਲਵਿੰਦਰ ਸਿੰਘ ਬਹਿਲਾ, ਅਮਰੀਕ ਕੌਰ, ਗੁਰਮੀਤ ਕੌਰ, ਸਵਿੰਦਰ ਕੌਰ, ਜਸਬੀਰ ਕੌਰ, ਰਣਜੀਤ ਕੌਰ, ਸਤਨਾਮ ਸਿੰਘ, ਕੁਲਵਿੰਦਰ ਸਿੰਘ, ਸਰਬਜੀਤ ਕੌਰ, ਪਰਮਜੀਤ ਕੌਰ ਅਤੇ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

ਹਲਕਾ ਗੁਰਦਾਸਪੁਰ 'ਚ ਆਮ ਆਦਮੀ ਪਾਰਟੀ ਨੂੰ ਮਿਲਿਆ ਵੱਡਾ ਸਮਰਥਨ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਆਮ ਆਦਮੀ ਪਾਰਟੀ ਨੂੰ ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ ਉਸ ਵੇਲੇ ਵੱਡਾ ਸਮਰਥਨ ਮਿਲਿਆ ਜਦੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਅਤੇ ਪੰਜਾਬ ਅੰਦਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਗੁਰਦਾਸਪੁਰ ਨਾਲ ਸੰਬੰਧਿਤ ਦਰਸ਼ਨ ਦੇ ਕਰੀਬ ਸਮਾਜ ਸੇਵੀ ਨੌਜਵਾਨਾਂ ਨੇ ਆਪਣੀਆਂ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਇਸ ਤਹਿਤ ਗੁਰਦਾਸਪੁਰ ਦੇ ਤਿਬੜੀ ਰੋਡ ਵਿਖੇ ਕਰਵਾਏ ਗਏ ਇੱਕ ਸਮਾਗਮ ਵਿੱਚ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਉਚੇਚੇ ਤੌਰ ਤੇ ਪਹੁੰਚ ਕੇ ਇਨ੍ਹਾਂ ਨੌਜਵਾਨ ਆਗੂਆਂ ਅਤੇ ਉਨ੍ਹਾਂ ਦੇ ਸਾਥੀਆਂ ਤੇ ਸਮਰਥਕਾਂ ਨੂੰ ਆਮ ਆਦਮੀ ਪਾਰਟੀ ਵਿੱਚ ਰਸਮੀ ਤੌਰ ਤੇ ਸ਼ਾਮਿਲ ਕਰਵਾਇਆ ਅਤੇ ਕਿਹਾ ਕਿ ਇਨ੍ਹਾਂ ਸਾਰੇ ਆਗੂਆਂ ਦਾ ਪਾਰਟੀ ਵਿੱਚ ਪੂਰਾ ਮਾਣ ਸਤਿਕਾਰ ਕੀਤਾ ਜਾਵੇਗਾ।ਇਸ ਮੌਕੇ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਆਗੂਆਂ ਵਿੱਚ ਰੂਪੇਸ਼ ਕੁਮਾਰ ਬਿੱਟੂ, ਸਰਤਾਜ ਸਿੰਘ, ਸੁਰੇਸ਼ ਕੁਮਾਰ, ਸਰਬਜੀਤ ਸਿੰਘ, ਨਵਦੀਪ ਸਿੰਘ, ਕਵਰਦੀਪ ਸਿੰਘ, ਹਰਪਾਲ ਸਿੰਘ, ਬਲਵਿੰਦਰ ਸਿੰਘ, ਡੇਵਿਡ ਮਸੀਹ, ਦਾਨਿਸ਼ ਕੁਮਾਰ, ਦੀਪਕ ਹਰੀ ਤੇ ਉਨ੍ਹਾਂ ਦੇ ਸੈਂਕੜੇ ਸਾਥੀ ਸ਼ਾਮਿਲ ਹਨ ।ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ ਉਨ੍ਹਾਂ ਨੂੰ ਪੂਰਾ ਕਰਕੇ ਦਿਖਾਇਆ ਜਿਸ ਕਰਕੇ ਜਿਸ ਕਰਕੇ ਪੰਜਾਬ ਦਾ ਹਰੇਕ ਵਰਗ ਇਸ ਸਰਕਾਰ ਦੀ ਕਾਰਗੁਜ਼ਾਰੀ ਤੋਂ ਬੇਹਦ ਖੁਸ਼ ਹੈ।ਉਨ੍ਹਾਂ ਕਿਹਾ ਕਿ ਹਲਕਾ ਗੁਰਦਾਸਪੁਰ ਵਿੱਚ ਚੇਅਰਮੈਨ ਰਮਨ ਬਹਿਲ ਨੇ ਪਿਛਲੇ ਦੋ ਸਾਲਾਂ ਦੌਰਾਨ ਸਿਰਤੋੜ ਯਤਨ ਕਰਕੇ ਜਿੱਥੇ ਅਮਨ ਸ਼ਾਂਤੀ ਨੂੰ ਬਹਾਲ ਰੱਖਿਆ ਹੈ ਉੱਥੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਹਲਕੇ ਦੇ ਸਰਬਪੱਖੀ ਵਿਕਾਸ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਹੈ।ਚੇਅਰਮੈਨ ਬਹਿਲ ਨੇ ਕਿਹਾ ਕਿ ਉਨ੍ਹਾਂ ਨੂੰ ਬੇਹੱਦ ਖੁਸ਼ੀ ਅਤੇ ਤਸੱਲੀ ਹੈ ਕਿ ਉਨ੍ਹਾਂ ਵੱਲੋਂ ਕੀਤੇ ਯਤਨਾਂ ਕਾਰਨ ਹਰੇਕ ਵਰਗ ਦੇ ਲੋਕ ਖੁਸ਼ ਹੋ ਰਹੇ ਹਨ।ਇਸੇ ਕਾਰਨ ਅੱਜ ਲੋਕਾਂ ਵੱਲੋਂ ਉਨ੍ਹਾਂ ਨੂੰ ਭਰਪੂਰ ਸਮਰਥਨ ਦਿੱਤਾ ਜਾ ਰਿਹਾ ਹੈ।ਇਸ ਮੌਕੇ ਦਪਿੰਦਰ ਸਿੰਘ, ਸਿਮਰਨਜੀਤ ਸਿੰਘ, ਬ੍ਰਿਜੇਸ਼ ਚੋਪੜਾ, ਹਿਤੇਸ਼ ਮਹਾਜਨ, ਨਰਿੰਦਰ ਭਾਸਕਰ ਅਤੇ ਯੋਗੇਸ਼ ਸ਼ਰਮਾ ਆਦਿ ਮੌਜੂਦ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਨੇ ਚੋਣ ਮਹਿੰਮ ਦਾ ਬਿਗਲ ਵਜਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਨੇ ਆਪਣੀ ਚੋਣ ਮੁਹਿੰਮ ਦਾ ਆਗਾਜ਼ ਕਸਬਾ ਨੌਸ਼ਹਿਰਾ ਮੱਝਾ ਸਿੰਘ ਵਿਖੇ ਭਰਵੀਂ ਚੋਣ ਰੈਲੀ ਕਰਕੇ ਕੀਤਾ। ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਯੂਥ ਪ੍ਰਧਾਨ ਰਮਨਦੀਪ ਸਿੰਘ ਸੰਧੂ ਦੀ ਅਗਵਾਈ ਹੇਠ ਡਾ. ਦਲਜੀਤ ਸਿੰਘ ਚੀਮਾ ਦੀ ਚੋਣ ਮੁਹਿੰਮ ਦੀ ਸ਼ੁਰੂਆਤ ਮੌਕੇ ਲੋਕ ਸਭਾ ਹਲਕਾ ਗੁਰਦਾਸਪੁਰ ਵਿੱਚ ਆਉਂਦੇ ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਦੀ ਸਮੁੱਚੀ ਅਕਾਲੀ ਲੀਡਰਸ਼ਿਪ ਸ਼ਾਮਲ ਹੋਈ। ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਖਿਆ ਕਿ ਇਹ ਲੋਕ ਸਭਾ ਚੋਣ ਪੰਜਾਬ ਦੀ ਅਣਖ ਦੀ ਲੜਾਈ ਹੈ। ਮਜੀਠੀਆ ਨੇ ਦਾਅਵੇ ਨਾਲ ਆਖਿਆ ਕਿ ਡਾ. ਦਲਜੀਤ ਸਿੰਘ ਚੀਮਾ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਹੀ ਜੰਮਪਲ ਪੜ੍ਹੇ-ਲਿਖੇ ਉਮੀਦਵਾਰ ਹਨ, ਜਿਨ੍ਹਾਂ ਨੂੰ ਲੋਕ ਸਭਾ ਵਿਚ ਭੇਜਣਾ ਸਰਹੱਦੀ ਹਲਕਾ ਗੁਰਦਾਸਪੁਰ ਅਤੇ ਸਮੁੱਚੇ ਪੰਜਾਬ ਲਈ ਲਾਹੇਵੰਦ ਹੋਵੇਗਾ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਹੀ ਇਕੋ ਇਕ ਅਜਿਹੀ ਸਿਆਸੀ ਪਾਰਟੀ ਹੈ, ਜਿਹੜੀ ਪੰਜਾਬ ਦੀ ਕਿਸਾਨੀ, ਵਪਾਰ, ਉਦਯੋਗ ਅਤੇ ਭਾਈਚਾਰਕ ਏਕਤਾ ਦੀ ਜਾਮਨ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸ਼ੁਰੂਆਤੀ ਇਕੱਠ ਨੇ ਡਾ. ਚੀਮਾ ਦੀ ਜਿੱਤ ਯਕੀਨੀ ਬਣਾ ਦਿੱਤੀ ਹੈ, ਬੱਸ ਐਲਾਨ ਹੀ ਬਾਕੀ ਹੈ। ਇਸ ਮੌਕੇ ਡਾ. ਦਲਜੀਤ ਸਿੰਘ ਚੀਮਾ ਨੇ ਸੰਬੋਧਨ ਕਰਦਿਆਂ ਆਖਿਆ ਕਿ ਉਨ੍ਹਾਂ ਨੇ ਆਪਣੇ ਰਾਜਨੀਤਕ ਜੀਵਨ ਦੀ ਸ਼ੁਰੂਆਤ ਗੁਰਦਾਸਪੁਰ ਜ਼ਿਲ੍ਹੇ ਤੋਂ ਹੀ ਕੀਤੀ ਸੀ ਅਤੇ ਉਨ੍ਹਾਂ ਦੀ ਖੁਸ਼ਕਿਸਮਤੀ ਹੈ ਕਿ ਅੱਜ ਲੋਕ ਸਭਾ ਵਿਚ ਗੁਰਦਾਸਪੁਰ ਦੀ ਨੁਮਾਇੰਦਗੀ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੇ ਸੇਵਾ ਦਾ ਮੌਕਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਮੁੱਖ ਏਜੰਡਾ ਲੋਕ ਸਭਾ 'ਚ ਜਾ ਕੇ ਸਰਹੱਦੀ ਹਲਕੇ ਗੁਰਦਾਸਪੁਰ ਦਾ ਸਰਬਪੱਖੀ ਵਿਕਾਸ ਕਰਨਾ, ਬਟਾਲਾ ਦੀ ਖਤਮ ਹੋ ਚੁੱਕੀ ਲੋਹਾ ਸਨਅਤ ਨੂੰ ਮੁੜ ਸੁਰਜੀਤ ਕਰਨਾ, ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਵਿਚ ਸਥਿਤ ਅਣਗੌਲੀਆਂ ਹੋਈਆਂ ਵਿਰਾਸਤੀ ਥਾਵਾਂ ਨੂੰ ਸੰਭਾਲ ਕੇ ਸੈਰ-ਸਪਾਟੇ ਨੂੰ ਉਤਸਾਹਿਤ ਕਰਨਾ, ਪਠਾਨਕੋਟ ਜ਼ਿਲ੍ਹੇ 'ਚ ਕਾਰੋਬਾਰ ਦੇ ਵਿਕਾਸ ਲਈ ਕੇਂਦਰ ਤੋਂ ਯੋਗ ਸਹਾਇਤਾ ਦਿਵਾਉਣੀ, ਰਾਵੀ ਦਰਿਆ ਤੋਂ ਪਾਰਲੇ ਪਿੰਡਾਂ ਦੇ ਲੋਕਾਂ ਤੱਕ ਸਿਹਤ, ਸਿੱਖਿਆ ਅਤੇ ਸੜਕ ਦੀ ਵਿਵਸਥਾ ਮੁਹੱਈਆ ਕਰਵਾਉਣੀ, ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਅਤੇ ਰੁਜ਼ਗਾਰ ਦੇ ਵਸੀਲੇ ਪੈਦਾ ਕਰਨਾ ਹੋਵੇਗਾ। ਇਸ ਮੌਕੇ ਐਡਵੋਕੇਟ ਭਗਵੰਤ

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਵਿਸ਼ੇਸ਼ ਸਪਲੀਮੈਂਟ

ਧੰਨਵਾਦ

ਨਵਾਂ ਜਮਾਨਾ ਅਖਬਾਰ ਦੇ ਕੱਢੇ ਗਏ ਧਾਰੀਵਾਲ ਵਿਸ਼ੇਸ਼ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਸੱਜਣਾਂ ਮਿੱਤਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹਿਣ ਦੀ ਆਸ ਕਰਦਾ ਹਾਂ।

ਮਨਦੀਪ ਸਿੰਘ ਵਿੱਕੀ
ਪ੍ਰਤੀਨਿੱਧ ਧਾਰੀਵਾਲ
ਮੋਬਾ : 9855138108
ਈਮੇਲ: vicky05701@gmail.com

ਪ੍ਰਿੰਸੀਪਲ ਸਵਰਨ ਸਿੰਘ ਵਿਰਕ ਰਿਆੜਕੀ ਕਾਲਜ ਤੁਗਲਵਾਲ | ਪ੍ਰਿੰਸੀਪਲ ਐਸ.ਬੀ ਨਾਯਰ ਸੇਂਟ ਕਬੀਰ ਸਕੂਲ ਮੁਲਤਾਨਪੁਰ | ਪ੍ਰਿੰਸੀਪਲ ਤੁਪਿੰਦਰ ਕੌਰ ਬਾਲ ਵਿੱਦਿਆ ਮਾਡਲ ਹਾਈ ਸਕੂਲ | ਪ੍ਰਿੰਸੀਪਲ ਡਾ. ਗਗਨਜੀਤ ਕੌਰ SZSFS ਸਕੂਲ ਧਾਰੀਵਾਲ | ਪ੍ਰਿੰਸਿਪਲ ਡਾ. ਰਵਨੀਤ ਕੌਰ ਜੀ.ਟੀ.ਬੀ.ਆਈ ਸਕੂਲ ਕਲਿਆਣਪੁਰ | ਪ੍ਰਿੰਸਿਪਲ ਡਾ. ਗੁਰਜੀਤ ਸਿੰਘ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ | ਬਰਿੰਦਰ ਸਿੰਘ ਛੋਟੇਪੁਰ ਸੇਂਟਮੇਰੀ ਸਕੂਲ ਪਬਲਿਕ ਸਕੂਲ ਵੇਦ ਸੰਤੋਖ ਰਾਏ | ਡਾ. ਬਿਕਰਮਜੀਤ ਸਿੰਘ ਬਾਜਵਾ (ਏ.ਐਮ.ਓ)

ਮੇਜਰ ਸਿੰਘ ਚਾਹਲ ਪ੍ਰਿੰਸੀਪਲ ਗੁਰੂ ਜੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ | ਡਾ.ਗੁਰਜਿੰਦਰ ਸਿੰਘ ਸੰਧੂ ਧਾਰੀਵਾਲ ਸਮਾਜ ਸੇਵੀ | ਸ. ਅਮਰਜੀਤ ਸਿੰਘ ਹੈਪੀ ਪ੍ਰਧਾਨ ਗੁਰਦੁਆਰਾ ਬੇਬੇ ਨਾਨਕੀ ਜੀ ਧਾਰੀਵਾਲ | ਪ੍ਰਿੰਸੀਪਲ ਅਨੂਪ ਸਿੰਘ ਬੁਰਜ ਸਾਹਿਬ ਸਕੂਲ ਧਾਰੀਵਾਲ | ਸ਼ਿਵਦੇਵ ਸਿੰਘ ਚੌਧਰਪੁਰ ਐਸ.ਡੀ.ਓ ਪਾਵਰਕਾਮ ਵਿਭਾਗ | ਜਥੇਦਾਰ ਪ੍ਰਦੀਪ ਸਿੰਘ ਸੇਵਕ ਗਤਕਾ ਜਥਾ ਧਾਰੀਵਾਲ | ਦਲਬੀਰ ਸਿੰਘ ਚਾਹਲ ਸਮਾਜ ਸੇਵੀ | ਅਰਜਿੰਦਰ ਸਿੰਘ ਡਿੰਡਰ ਜੇ.ਈ

ਸੰਸਾਰ ਪ੍ਰਸਿੱਧ ਸ਼ਾਇਰ ਉਸਤਾਦ ਸੁਲੱਖਣ ਸਰਹੱਦੀ

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

ਸੰਦੀਪ ਧਾਰੀਵਾਲ ਭੋਜਾ ਡਾਇਰੈਕਟਰ

ਮਹੰਤ ਬਾਬਾ ਜਾਨਕੀ ਦਾਸ ਜੀ

ਬਾਬਾ ਕਮਲ ਦਾਸ ਜੀ

ਗੱਦੀ ਲੇਹਲ (ਧਾਰੀਵਾਲ) ਜਿਲਾ ਗੁਰਦਾਸਪੁਰ

ਵਿਸਾਖੀ ਦੇ ਤਿਉਹਾਰ ਦੀਆਂ ਦੇਸ਼ ਵਿਦੇਸ਼ ਤੇ ਪੰਜਾਬ ਵਾਸੀਆਂ ਨੂੰ ਲੱਖ ਲੱਖ ਵਧਾਈਆਂ।

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਤੇ ਸਮੂਹ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪਣੇ ਬੱਚਿਆਂ ਦੇ ਉੱਜਵਲ ਭਵਿੱਖ, ਉੱਚ ਪੱਧਰ ਦੀ ਪੜ੍ਹਾਈ ਅਤੇ ਸਰਕਾਰੀ ਸਹੂਲਤਾਂ ਦਾ ਲਾਭ ਪ੍ਰਾਪਤ ਕਰਨ ਲਈ ਆਪਣੇ ਬੱਚਿਆਂ ਦਾ ਦਾਖਲਾ ਸਰਕਾਰੀ ਸਕੂਲਾਂ ਵਿੱਚ ਕਰਵਾਓ ਜੀ।

ਨੀਰਜ ਕੁਮਾਰ
ਜ਼ਿਲਾ ਪ੍ਰਾਇਮਰੀ ਸਿੱਖਿਆ ਅਫਸਰ (ਬੀ ਪੀ ਈ ਓ) ਧਾਰੀਵਾਲ-1

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਅੰਬੇਡਕਰ ਜੀ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

ਕਮਿਊਨਿਟੀ ਸਿਹਤ ਕੇਂਦਰ (ਸੀ.ਐਚ.ਸੀ) ਧਾਰੀਵਾਲ

ਡਾ. ਮਨਿੰਦਰਜੀਤ ਸਿੰਘ ਐਸ.ਐਮ.ਓ | ਡਾ. ਅਮਰਿੰਦਰ ਸਿੰਘ ਕਲੇਰ ਮੈਡੀਕਲ ਅਫਸਰ (ਹੋਮਿਓਪੈਥੀ) | ਰਕੇਸ਼ ਵਿਲਿਅਮ ਚੇਅਰਮੈਨ L.M.T.A PB | ਤਸਵੀਰ ਸਿੰਘ MPHW

ਵਿਸ਼ੇਸ਼ ਸਹਿਯੋਗੀ: ਡਾ. ਇੰਦਰਪਾਲ ਸਿੰਘ, ਡਾ. ਜਸਪ੍ਰੀਤ ਸਿੰਘ, ਡਾ. ਪਰਮਪ੍ਰੀਤ ਸਿੰਘ ਕਾਹਲੋਂ, ਡਾ. ਗੁਰਪ੍ਰੀਤ ਸਿੰਘ, ਡਾ. ਗਗਨਦੀਪ ਕੌਰ

ਰਜਿੰਦਰ ਸਿੰਘ ਜਫਰਵਾਲ ਮੋ. 7837160066

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਅੰਬੇਡਕਰ ਜੀ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

ਖਾਲਸਾ ਜੀ ਟਰੇਡਿੰਗ ਕੰਪਨੀ (ਨੇੜੇ ਕਲਿਆਣਪੁਰ ਮੋੜ) ਧਾਰੀਵਾਲ

ਸਮਾਜ ਸੇਵੀ ਸੁਰੇਸ਼ ਚੰਦਰ ਹੈਪੀ ਅਤੇ ਕਿਰਨ ਬਾਲਾ ਪਿੰਡ ਰਣੀਆਂ

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।

ਸ. ਕੁਲਵੰਤ ਸਿੰਘ ਉਘੇ ਸਮਾਜ ਸੇਵੀ

ਸ੍ਰੀ ਗੁਰੂ ਅਰਜਨ ਦੇਵ ਖਾਲਸਾ ਸੀ.ਸੈ ਸਕੂਲ (ਬੁਰਜ ਸਾਹਿਬ) ਧਾਰੀਵਾਲ

ਅੰਗਰੇਜ਼ੀ ਤੇ ਪੰਜਾਬੀ ਮੀਡੀਅਮ

ਸੰਨ 1948 ਵਿੱਚ ਹੋਂਦ ਵਿੱਚ ਆਇਆ। ਨਰਸਰੀ ਤੋਂ 10+2 (Co-Edu.) ਤੱਕ ਦੀ ਸਸਤੀ ਅਤੇ ਮਿਆਰੀ ਵਿਦਿਆ। ਸਕੂਲ ਵਿੱਚ ਪੜੇ ਬੱਚੇ ਵੱਖ-ਵੱਖ ਖੇਤਰਾਂ ਵਿੱਚ ਉੱਚ ਅਹੁਦਿਆਂ ਤੇ ਬਿਰਾਜਮਾਨ ਹਨ। ਜਿਵੇਂ ਕਿ ਡਾਕਟਰ, ਇੰਜੀਨੀਅਰ, ਫੌਜੀ ਅਫਸਰ ਅਤੇ ਵਕੀਲ ਆਦਿ। ਸਕੂਲ ਦਾ ਵਧੀਆ ਵਾਤਾਵਰਨ, ਸਾਇੰਸ, ਕੰਪਿਊਟਰ ਲੈਬ ਅਤੇ ਲਾਈਬ੍ਰੇਰੀ ਦਾ ਖਾਸ ਪ੍ਰਬੰਧ। ਐਨਸੀਸੀ ਸੀਨੀਅਰ ਤੇ ਜੂਨੀਅਰ ਡਿਵੀਜ਼ਨ। ਖੇਡਾਂ ਦੇ ਖੇਤਰ ਵਿੱਚ ਸਕੂਲ ਦੀ ਹਾਕੀ ਟੀਮ ਲੰਮੇ ਸਮੇਂ ਤੋਂ ਜ਼ਿਲਾ ਜੇਤੂ। ਸਕੂਲ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਖਿਡਾਰੀ ਪੈਦਾ ਕੀਤੇ। ਭੰਗੜੇ ਦੀਆਂ ਜਿਲਾ ਤੇ ਪੰਜਾਬ ਪੱਧਰ ਤੇ ਵੱਡੀਆਂ ਪ੍ਰਾਪਤੀਆਂ।

ਏਅਰ ਮਾਰਸਲ ਰਿਟਾ. ਐਮ ਐਸ ਬੋਪਾਰਾਏ ਪ੍ਰਧਾਨ | ਅਨੂਪ ਸਿੰਘ ਪ੍ਰਿੰਸੀਪਲ | ਡਾ: ਮੁਖਵਿੰਦਰ ਸਿੰਘ ਗਿੱਲ ਮੈਨੇਜਰ

ਜਗਮੋਹਨ ਸਿੰਘ ਮੱਨ੍ਹੀ ਮੈਨੇਜਿੰਗ ਡਾਇਰੈਕਟਰ

GURU NANAK TRANSPORT BRAMTON CANADA

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਅੰਬੇਡਕਰ ਜੀ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਅੰਬੇਡਕਰ ਜੀ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ ਯੂਨੀਅਨ ਪੰਜਾਬ

ਰਜ਼ਾਰਾ ਸਿੰਘ ਗਿੱਲ ਪ੍ਰਧਾਨ ਸਰਕਲ ਗੁਰਦਾਸਪੁਰ | ਮਹਿੰਦਰ ਸਿੰਘ ਸੈਕਟਰੀ | ਹਰਦੀਪ ਸਿੰਘ ਖਹਿਰਾ ਖਜਾਨਚੀ | ਹਰਕਿਰਪਾਲ ਸਿੰਘ ਸੋਹਲ ਪ੍ਰਧਾਨ ਮੰਡਲ ਧਾਰੀਵਾਲ

ਕੁਲਵੰਤ ਸਿੰਘ ਸੱਗੂ ਸੀ: ਮੀਤ ਪ੍ਰਧਾਨ | ਕੁਲਵੰਤ ਸਿੰਘ ਦੁਲਾਨੰਗਲ ਸੀ: ਮੀਤ ਪ੍ਰਧਾਨ | ਵਰਿੰਦਰ ਸਿੰਘ ਸੋਹਲ ਜੇਈ | ਲਖਵਿੰਦਰ ਸਿੰਘ ਛੀਨਾ

ਸਿੱਖਿਆ ਦਾ ਮੰਤਵ ਸਾਡੇ ਲਈ ਅੱਖਰ ਗਿਆਨ ਦੇ ਨਾਲ ਨਾਲ ਸਰਵਖੱਪੀ ਵਿਕਾਸ ਹੈ

ADMISSION OPEN

BRIGHT FUTURE ACADEMY

CBSE Pattern (English Medium), Rajpura Gurdaspur
Phone Nursery To 8th Std.

ਸਕੂਲ ਦੀਆਂ ਵਿਸ਼ੇਸ਼ਤਾਵਾਂ-ਵੈਲ ਐਜੂਕੇਟਡ ਮਿਹਨਤੀ ਤੇ ਤਜਰਬੇਕਾਰ ਸਟਾਫ, Kinder Garten ਕਲਾਸਾਂ ਦੀ Playing Method ਨਾਲ ਪੜ੍ਹਾਈ, ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਖੇਡਾਂ ਵੱਲ ਵਿਸ਼ੇਸ਼ ਧਿਆਨ, ਵਿਦਿਆ ਦੀਆਂ ਸਿੱਖਣ ਲਈ ਆਧੁਨਿਕ ਤਕਨੀਕਾਂ ਉਪਲਬਧ।

ਕੋਈ ਬੱਚਾ ਨਲਾਇਕ ਨਹੀਂ ਹੁੰਦਾ ਸਿਰਫ ਸਹੀ ਅਗਵਾਈ ਦੀ ਲੋੜ ਹੁੰਦੀ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ -98155 46700

ਸੰਦੀਪ ਧਾਰੀਵਾਲ ਭੋਜਾ ਡਾਇਰੈਕਟਰ

ਗੌਰਮਿੰਟ ਟੀਚਰਜ਼ ਯੂਨੀਅਨ ਗੁਰਦਾਸਪੁਰ

ਕੁਲਦੀਪ ਪੁਰੋਵਾਲ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ | ਦਿਲਦਾਰ ਤੰਡਾਰ ਜ਼ਿਲ੍ਹਾ ਜਨਰਲ ਸਕੱਤਰ | ਅਨਿਲ ਕੁਮਾਰ ਲਾਹੌਰੀਆ ਜ਼ਿਲ੍ਹਾ ਸੀਨੀ.ਮੀਤ ਪ੍ਰਧਾਨ | ਸੁਖਵਿੰਦਰ ਸਿੰਘ ਰੰਧਾਵਾ ਜ਼ਿਲ੍ਹਾ ਵਿੱਤ ਸਕੱਤਰ | ਜਗਦੀਸ਼ ਰਾਜ ਬੈਂਸ ਸੀ ਐਚ ਟੀ

ਡਾ. ਸੰਤੋਖ ਰਾਜ ਭਗਤ ਬਿੱਧੀਪੁਰ | ਮਾ. ਸਰਬਜੀਤ ਸਿੰਘ ਚੌਧਰਪੁਰ | ਮਾ. ਰਸ਼ਪਾਲ ਸਿੰਘ ਭੁੰਬਲੀ | ਪ੍ਰੇਮ ਪਾਲ ਪੰਮਾ

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਅੰਬੇਡਕਰ ਜੀ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

ਡਾ: ਅੰਬੇਡਕਰ ਮਿਸਨ ਰਜਿ. ਧਾਰੀਵਾਲ

ਪ੍ਰਿੰ. ਨੰਦ ਲਾਲ ਕਲਿਆਣਪੁਰੀ ਪ੍ਰਧਾਨ | ਐਸਡੀਓ ਕਸਤੂਰੀ ਲਾਲ ਜਰਨਲ ਸਕੱਤਰ | ਮਾ. ਅਸ਼ਵਨੀ ਫੱਗੂਪੁਰ ਪ੍ਰੈਸ ਸਕੱਤਰ | ਡਾ. ਰਤਨ ਚੰਦ ਲੇਹਲ ਸਰਪ੍ਰਸਤ

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।

ਸੂਬਾ ਸਕੱਤਰ ਸੀਪੀਆਈਐੱਮਐੱਲ ਲਿਬਰੇਸ਼ਨ, ਪੰਜਾਬ

ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ

GURU TEG BAHADUR INTERNATIONAL SCHOOL

Affiliated to CISCE For ICSE & ISC. NEW DELHI & ASU. USA

Admission Open for 10+1 Science and Commerce 2024-25

Silent Feature

* 100% ICSE board result.* Teachers training workshop on regular basis *Special attention towards week students* Sports field for badminton, volleyball, football, basketball, handball & athletic etc. *Well equipped laboratories of biology, physics, chemistry and mathematics.*Computer lab with internet facilities * Parents Teachers meeting organized monthly *Students went to international tour to NASA, USA and National Trip to ISRO, Ahmadabad.

Village Kalyanpur, P.O. Dhariwal, Distt. Gurdaspur
Mob. 93161-61636, 75081-00081

S. Tarsem Singh Chairman | S. Surjeet Singh MD | Dr. Ravneet Kaur Principal

ਦਾਖਲਾ ਸ਼ੁਰੂ ਤੁਹਾਡੇ ਬੱਚਿਆਂ ਦੀ ਚੰਗੀ ਸਿੱਖਿਆ ਵਾਸਤੇ ਦਾਖਲਾ ਸ਼ੁਰੂ

ਬਾਲ ਵਿੱਦਿਆ ਮਾਡਲ ਹਾਈ ਸਕੂਲ ਧਾਰੀਵਾਲ

ਐਫੀਲੀਏਟਡ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੱਕੀ ਮਾਨਤਾ ਪ੍ਰਾਪਤ

ਕ੍ਰਿਸ਼ਨਾ ਮੰਦਰ ਰੋਡ ਸਾਹਮਣੇ ਘਰਾਟ
ਅੰਗਰੇਜ਼ੀ ਮਾਧਿਅਮ/ਇੱਕ ਗੋਰਵਮਈ ਕੋ-ਐਜੂਕੇਸ਼ਨਲ ਸਕੂਲ
ਨਰਸਰੀ ਤੋਂ ਦਸਵੀਂ ਜਮਾਤਾਂ ਲਈ ਰਜਿਸਟ੍ਰੇਸ਼ਨ ਤੇ ਦਾਖਲਾ ਸ਼ੁਰੂ

ਮੁੱਖ ਵਿਸ਼ੇਸ਼ਤਾਵਾਂ: ਉੱਚ ਸਿੱਖਿਆ ਤਜਰਬੇਕਾਰ MA, MEd, M.SC., B.Ed ਮਿਹਨਤੀ ਸਟਾਫ ਹੈ, *ਦਾਖਲਾ ਫੀਸ ਅਤੇ ਹਰ ਮਹੀਨੇ ਫੀਸ ਦੂਸਰੇ ਪਬਲਿਕ ਸਕੂਲਾਂ ਅਤੇ ਅਕੈਡਮੀਆਂ ਦੇ ਮੁਕਾਬਲੇ ਘੱਟ ਹੈ ਅਤੇ ਪੜ੍ਹਾਈ ਵਧੇਰੇ ਹੈ। *ਬੱਚਿਆਂ ਦੇ ਆਉਣ ਜਾਣ ਵਾਸਤੇ ਟਰਾਂਸਪੋਰਟ ਦਾ ਉਚਿਤ ਪ੍ਰਬੰਧ ਹੈ। *ਸਕੂਲ ਵਿੱਚ ਬੱਚਿਆਂ ਦੇ ਮਨੋਰੰਜਨ ਲਈ ਉਚਿਤ ਪ੍ਰਬੰਧ ਹੈ। *ਜਨਰੇਟਰ ਦਾ ਵੀ ਉਚਿਤ ਪ੍ਰਬੰਧ ਹੈ *ਸਰੀਰਕ ਵਿਕਾਸ ਅਤੇ ਖੇਡਾਂ ਵੱਲ ਵੀ ਧਿਆਨ ਦਿੱਤਾ ਜਾਂਦਾ ਹੈ।

Mobile-9988517026

ਪ੍ਰਿੰਸੀਪਲ, ਰੁਪਿੰਦਰ ਕੌਰ

ਮਨੁੱਖ ਅਧਿਕਾਰ ਔਰਰ-ਡਾਨ ਫਰਾਂਸ/ਪੈਰਿਸ

ਇਕਬਾਲ ਸਿੰਘ ਭੱਟੀ ਫਰਾਂਸ ਪ੍ਰਧਾਨ ਅਤੇ ਉਘੇ ਸਮਾਜ ਸੇਵਕ

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਦੇਸ਼ ਵਿਦੇਸ਼ ਅਤੇ ਪੰਜਾਬ ਦੇ ਵਾਸੀਆਂ ਨੂੰ ਲੱਖ ਲੱਖ ਵਧਾਈਆਂ ਹੋਵੇ

ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ

ਮੇਜਰ ਸਿੰਘ ਚਾਹਲ ਪ੍ਰਿੰਸੀਪਲ 9876095757

ਵਿਸ਼ੇਸ਼ਤਾਈਆਂ: ਖੁੱਲ੍ਹਾ, ਸ਼ਾਂਤ ਤੇ ਅਨੁਸ਼ਾਸਿਤ ਵਾਤਾਵਰਣ,ਤਜਰਬੇਕਾਰ ਸਟਾਫ, ਬੋਰਡ ਨਤੀਜੇ 100 ਫੀਸਦੀ, ਗੁਰਬਾਣੀ ਕੀਰਤਨ ਕਵੀਸ਼ਰ ਅਤੇ ਗਤਕੇ ਦੀ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ, ਘੱਟ ਗਿਣਤੀ ਮੰਤਰਾਲੇ ਤੋਂ ਹਰ ਸਾਲ ਲੱਖਾਂ ਰੁਪਏ ਦੇ ਵਜੀਫੇ।ਖੇਡਾਂ ਦਾ ਖਾਸ ਪ੍ਰਬੰਧ, ਖੇਡਾਂ ਵਿੱਚ ਨੈਸ਼ਨਲ ਪੱਧਰ ਦੀਆਂ ਉਪਲੱਬਧੀਆਂ, ਬੱਚਿਆਂ ਦੇ ਆਉਣ ਜਾਣ ਲਈ ਟਰਾਂਸਪੋਰਟ ਦਾ ਵਿਸ਼ੇਸ਼ ਪ੍ਰਬੰਧ। ਆਧੁਨਿਕ ਸਹੂਲਤਾਂ ਨਾਲ ਖੁਲ੍ਹੀ ਹਵਾਦਾਰ ਬਿਲਡਿੰਗ। ਸਕੂਲ ਵਿੱਚ ਜੀ ਜੀ ਐਸ ਬਾਕਸਿੰਗ ਕਲੱਬ ਦੀ ਸੁਵਿਧਾ

ਡਾ. ਮਨਿੰਦਰ ਪਾਲ ਸਿੰਘ ਕਲੇਰ ਡਾਇਰੈਕਟਰ 9464378847

ਪਾਵਰਕਾਮ ਵਿਭਾਗ ਪੰਜਾਬ

ਗੁਰਿੰਦਰ ਸਿੰਘ ਖੈਹਿਰਾ ਜੇ.ਈ

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।

ਸ਼ਿਵਦੇਵ ਸਿੰਘ ਚੌਧਰਪੁਰ ਐਸ.ਡੀ.ਓ ਪਾਵਰਕਾਮ ਵਿਭਾਗ

ਚੰਗੇ ਸਮਾਜ ਦੀ ਸਿਰਜਣਾ ਲਈ ਸਭ ਨੂੰ ਆਪੋ ਆਪਣਾ ਸੁਧਾਰ ਕਰਨ ਦੀ ਲੋੜ ਹੈ। ਕੁਦਰਤ ਨਾਲ ਛੇੜਛਾੜ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਡਾ. ਬਿਕਰਮਜੀਤ ਸਿੰਘ ਬਾਜਵਾ AMO

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।

ਅਧਿਆਪਕ ਗੁਰਮਿੰਦਰ ਸਿੰਘ ਧਾਲੀਵਾਲ ਸਮਾਜਸੇਵੀ

S.Z.S.F.S. Kh. Sen. Pub. School Dhariwal & Bebe Nanki Khalsa College for Women Dhariwal

College Courses

BCA, B.A, B.S.c (Eco) B.S.c (FD), PGDCA Cutting & Tailoring, Cosmetology, DCA

School Courses

Nursery to 10+2 Medical & Non-Medical Humanities & Commerce)

Salient Point : Ventilated building in the mid of city. Good education in normal fee, Smart Class Rooms

Mrs. Dr. Balbir Kaur, College Principal
Dr. Gaganjit Kaur School Principal

ਬਾਬਾ ਅਜੈ ਸਿੰਘ ਖਾਲਸਾ ਕਾਲਜ

ਗੁਰਦਾਸ ਨੰਗਲ, ਜਿਲ੍ਹਾ ਗੁਰਦਾਸਪੁਰ ਕੋ-ਐਜੂਕੇਸ਼ਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ
(Affiliated to Guru Nanak Dev University, Amritsar)

+1,+2 Medical, Non-Medical, Commerce & Arts

ਇਲਾਕੇ ਦੇ ਹਰ ਪਿੰਡ ਤੋਂ ਬੱਸ ਸਹੂਲਤ
ਇਲਾਕੇ ਵਿਚ ਸਭ ਤੋਂ ਘੱਟ ਫੀਸਾਂ ਧਾਰੀਵਾਲ
ਬੱਸ ਸਟੈਂਡ ਤੋਂ ਕਾਲਜ ਤੱਕ ਫ੍ਰੀ ਬੱਸ ਸੇਵਾ

ਅੰਮ੍ਰਿਤਧਾਰੀ ਬੱਚੇ-SC/BC-ਮਨਿਊਰਟੀ ਕਮਜੋਰ ਵਰਗ ਵਜੀਫਾ

Courses From Guru Nanak Dev University Amritsar
BCA, BA, BSc Medical-Non Medical B.Com, Bsc Computer Science -Economics, PGDCA, DCA, Dip. in Stitching & Tailoring

Advocate Harjinder Singh Dhami President SGPC | S. Sukhminder Singh Sec. Education SGPC | Gurjit Singh Principal

CONTACT- 9888999791

ST. KABIR PUBLIC SCHOOL

Affiliated to C.B.S.E New Delhi Vide No: 1630414

ENGLISH MEDIUM

NATIONAL LEVEL ACHIEVEMENT IN SCIENCE & SPORTS

Salient Features

* Co-Educational English Medium
* Well Qualified Staff
* Pollution free campus of 8 acres
* Teacher- Student Ratio 1:30
* Wi-Fi- Connectivity
* Play-way System for Tiny Tots
* Computer from class 1
* Door to Door Private Owners Transport Facility
*